# ਮੇਰਾ ਯਕੀਨ ਕਰੀਂ

**ਇਸੇ ਕਲਮ ਤੋਂ :-**

ਤਾਰਿਆਂ ਜੜਿਆ ਅੰਬਰ (ਕਾਵਿ-ਸੰਗ੍ਰਹਿ) 2012

# ਮੇਰਾ ਯਕੀਨ ਕਰੀਂ

(ਕਾਵਿ-ਸੰਗ੍ਰਹਿ)

**ਸਹਿਜਪ੍ਰੀਤ ਸਿੰਘ ਮਾਂਗਟ**

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

***Mera Yakeen Karin***
***by***
**Sehajpreet Singh Mangat** ©
1801- Silver Oak Street
Gill Avenue, Barewal Road
Ludhiana-12
Ph: 90569-00006
sehajpreet@gmail.com

**ISBN : 978-93-5112-169-5**

**Rs. 175/-**

**ਪਹਿਲੀ ਵਾਰ : ਜਨਵਰੀ 2016**
**ਦੂਜੀ ਵਾਰ : ਮਈ 2016**

*Printed and Bound In India*

*Published by*
**Chetna Parkashan**
PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com, chetnaparkashan@sify.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039
Printer : R.K. Offset, Delhi
*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

## ਸਮਰਪਣ

ਹਮਸਫ਼ਰ

ਡਾ. ਜਸਵਿੰਦਰ ਕੌਰ

ਦੇ ਨਾਂ

ਜੋ ਸੂਰਤ ਅਤੇ ਸੀਰਤ ਤੋਂ ਮੈਨੂੰ ਬਹੁਤ

ਪਿਆਰੀ ਲਗਦੀ

ਹੈ।

## ਤਤਕਰਾ


ਮੇਰਾ ਯਕੀਨ ਕਰਿਓ -*ਗੁਰਇਕਬਾਲ ਸਿੰਘ* 9

ਕਵਿਤਾ ਦਾ ਪਹੁ-ਫੁਟਾਲਾ :
ਸਹਿਜਪ੍ਰੀਤ ਸਿੰਘ ਮਾਂਗਟ -*ਉਜਾਗਰ ਸਿੰਘ ਕੰਵਲ* 17

ਆਪਣੇ ਅਜ਼ੀਜ... ਸਹਿਜਪ੍ਰੀਤ ਲਈ -*ਦੀਪਕ ਮਨਮੋਹਨ ਸਿੰਘ* 21

ਪੌਣ ............... 23

ਮੇਰੀ ਅਨਪੜ੍ਹ ਦਾਦੀ ............... 25

ਅਰਜ਼ੋਈ ............... 27

ਵਜ੍ਹਾ ............... 32

ਤਾਇਆ ਕਿਸ਼ਨਾ ............... 33

ਕਿੰਨੇ ਬਦਲ ਗਏ ਹਾਂ ............... 34

ਮੈਂ ਆਵਾਂਗਾ ............... 35

ਮੈਂ ਅਕਸਰ ਸੋਚਦਾ ਹਾਂ ............... 37

ਫਾਈਲ ............... 39

ਸੇਧ ............... 40

ਯੂਜ਼ ਐਂਡ ਥਰੋ ............... 41

ਪਾਪ ............... 43

ਜੀਓ ਆਇਆਂ ਨੂੰ ............... 44

ਆਜ਼ਾਦੀ ............... 45

ਮੈਂ ਬਨਾਮ ਮੈਂ ............... 46

ਦੇਸੀ ਪਾਪਾ ............... 47

ਨਜ਼ਮ ਦੀ ਮੌਤ ............... 48

ਸਰਾਪੀ ਨਜ਼ਮ ............... 49
ਮੈਂ ਕੀ ਲੈਣਾ ............... 50
ਦੇਖੋ ਕੀ ਬਣਦਾ ............... 51
ਮੁਬਾਰਕ ਉਨ੍ਹਾਂ ਨੂੰ ............... 52
ਉਡਾਰੀ ............... 54
ਆਓ ਪਹਿਚਾਣੀਏ ............... 55
ਹਲਫ਼ੀਆ ਬਿਆਨ ............... 56
ਪੈੜਾਂ ............... 57
ਵਕਤ ............... 58
ਸਵਾਲ ............... 59
ਗੁੰਮਸ਼ੁਦਾ ਪੰਜਾਬ ............... 60
ਚੰਗੇ ਦਿਨ ............... 62
ਜੁਗਤ ............... 63
ਮੇਰਾ ਯਕੀਨ ਕਰੀਂ ............... 64
ਖ਼ੁਸ਼ੀ ............... 65
ਕਹਿੰਦੀ ਸੀ ਉਹ ............... 66
ਰੇਤ ਦੇ ਘਰ ............... 67
ਭਰਮ ............... 68
ਆਥਣ ਤੋਂ ਡਰ ............... 69
ਇਹ ਦਿਨ-ਉਹ ਦਿਨ ............... 70
ਮੇਰੇ ਪਿੰਡ ਦਾ ਕਿਸਾਨ ............... 72
ਆਪੇ ਦੀ ਤਲਾਸ਼ ............... 73
ਜਵਾਬ ............... 75
ਮੈਂ ਤੇ ਮਿੱਤਰ ............... 76
ਬੱਚਾ ਤੇ ਬਾਜ਼ਾਰ ............... 77
ਲੰਚ ਬਾਕਸ ............... 78
ਜਸ਼ਨ ............... 79
ਸਲੂਟ ............... 80
ਹੈਂਗਓਵਰ ............... 81
ਬਦ-ਦੁਆ ............... 82
ਕੱਚੇ ਪਹੇ ............... 83
ਲਾਹੌਰ ਦੀ ਹੀਰਾ ਮੰਡੀ ਵਿਚੋਂ ਲੰਘਦਿਆਂ ............... 84
ਮੈਂ ਕਿਉਂ ਨਾ ਕਹਾਂ ............... 86
ਜਨਾਜ਼ਾ ............... 87
ਅਹਿਸਾਸ ............... 88
ਮਖੌਟੇ ............... 89
ਹੂਕ ............... 90
ਬੇਨਾਮ ਰਿਸ਼ਤਾ ............... 92
ਲਾਈਕ ਆ ਗੁਡ ਮੈਨ ............... 93
ਗ਼ੈਰਤ ............... 94
ਗਿਲਾ ............... 95
ਗੁਆਚੇ ਹਾਸੇ ............... 96
ਗੀਤ 97-104
ਗ਼ਜ਼ਲਾਂ 105-127

# ਮੇਰਾ ਯਕੀਨ ਕਰਿਓ

'ਨਿੱਕੇ ਬਾਲ ਵੀ ਵੱਡੇ ਸੁਪਨੇ ਲੈ ਸਕਦੇ ਨੇ'– 'ਜੰਮਦਾ ਬੱਚਾ ਇਕ ਦਮ ਬੋਲਣਾ ਸ਼ੁਰੂ ਨਹੀਂ ਕਰ ਦਿੰਦਾ। ਬੋਲਣ ਤੋਂ ਪਹਿਲਾਂ ਉਹ ਉਸਲਵੱਟੇ ਲੈਂਦਾ ਹੈ। ਰੋ ਪੈਂਦਾ ਹੈ, ਕੋਈ ਸ਼ੈਅ ਉਸ ਨੂੰ ਤਕਲੀਫ਼ ਦੇ ਰਹੀ ਹੁੰਦੀ ਹੈ। ਕਵੀ ਦੇ ਮਨ ਵਿਚ ਵੀ ਪੁਸਤਕ ਕਈ–ਕਈ ਵਰ੍ਹੇ ਵੱਸੀ ਰਹਿੰਦੀ ਹੈ ਜਿਹੜੀ ਉਸ ਪ੍ਰੇਮੀ–ਪ੍ਰੇਮਿਕਾ ਵਾਂਗ ਹੁੰਦੀ ਹੈ ਜਿਸ ਨੂੰ ਸਿਰਫ਼ ਕਿਆਸ ਹੀ ਕੀਤਾ ਹੁੰਦਾ ਹੈ, ਜਿਸ ਦੇ ਸਿਰਫ਼ ਸੁਪਨੇ ਹੀ ਲਏ ਹੁੰਦੇ ਹਨ, ਪਰ ਸਾਖਸ਼ਾਤ ਤੁਹਾਡੇ ਸਾਹਮਣੇ ਨਾ ਹੋਵੇ, ਜਿਸ ਨੂੰ ਤੁਸੀਂ ਛੂਹ ਸਕੋ। ਪਰ ਕਈ ਵਾਰ ਉਹ ਤੁਹਾਡੀ ਸ਼ਾਹਰਗ ਤੋਂ ਵੀ ਨੇੜੇ ਹੁੰਦੀ ਹੈ। ਕਵੀ ਡਰਦਾ–ਸੰਗਦਾ ਲਾਲ ਬਿੰਬ ਹੋ ਕੇ ਪਿੱਛੇ ਹੱਟ ਜਾਂਦਾ ਹੈ।'

ਇਹ ਕਾਵਿ–ਪੁਸਤਕ ਵੀ ਸਹਿਜਪ੍ਰੀਤ ਦੇ ਜ਼ਿਹਨ 'ਚ ਲਿਖਣ ਤੋਂ ਪਹਿਲਾਂ ਇਕ ਸਾਵੀ ਕਰੂੰਬਲ ਵਾਂਗ ਫੁੱਟੀ ਫਿਰ ਇਸ ਨੂੰ ਨਾਮ ਦਿੱਤਾ ਗਿਆ ਕਿ ਕਿਉਂ ਮੈਂ ਤੈਨੂੰ ਲਿਖ ਰਿਹਾ ਹਾਂ ਤੇ ਮੇਰਾ ਮਕਸਦ ਕੀ ਹੈ?

ਸਹਿਜਪ੍ਰੀਤ ਦੀ 'ਮੇਰਾ ਯਕੀਨ ਕਰੀਂ' ਕਾਵਿ–ਪੁਸਤਕ ਵਿਚੋਂ ਗੁਜ਼ਰਦਿਆਂ 'ਕਿੰਨੇ ਬਦਲ ਗਏ ਹਾਂ', 'ਮੇਰੀ ਨਜ਼ਮ', 'ਸਰਾਪੀ ਨਜ਼ਮ', 'ਹਲਫ਼ੀਆ ਬਿਆਨ', ਅਤੇ 'ਮੇਰਾ ਯਕੀਨ ਕਰੀਂ' ਆਦਿ ਨਜ਼ਮਾਂ ਉਸਦੀ ਕਾਵਿ–ਸਿਰਜਣਾ ਅਤੇ ਮਕਸਦ ਨੂੰ ਸਪਸ਼ਟ ਕਰਨ ਵਾਲੀਆਂ ਹਨ। ਨਿਰੰਤਰ ਤੇਜ਼ੀ ਨਾਲ਼ ਬਦਲ ਰਹੇ ਵਰਤਾਰੇ ਦੇ ਅੰਤਰਗਤ ਕਵੀ ਮਨ ਬਦਲਾਓ ਨੂੰ ਸਵੀਕਾਰ ਕਰਦਾ ਸਿਸਟਮ ਦੀ ਬੇਰਹਿਮੀ ਦਾ ਹਿੱਸਾ ਬਣਦਾ ਹੋਇਆ ਸਿਰਜਣਾ ਦੇ ਜ਼ਰਬ ਖਾ ਜਾਣ ਦੇ ਬਾਵਜੂਦ ਇਹ ਯਕੀਨ ਕਰਨ ਦੇ ਅਹਿਦ ਵਿਚ ਹੈ ਕਿ ਚੰਗੇ ਮਾੜੇ ਹਾਦਸਿਆਂ ਦੇ ਹਜ਼ੂਮ ਦੇ ਸਾਹਮਣੇ ਉਹ ਸ਼ਬਦ ਦਾ ਪੱਲਾ ਨਹੀਂ ਛੱਡੇਗਾ, ਸੱਚ ਕਹਿਣ ਦੀ ਹਿੰਮਤ ਕਰੇਗਾ ਤੇ ਉਸ ਦਾ ਹਲਫ਼ੀਆ ਬਿਆਨ ਹੈ :

*ਨਾਮ : ਸਹਿਜ ਪ੍ਰੀਤ*
*ਪਿੰਡ : ਕਟਾਣੀ ਕਲਾਂ*
*ਡਾਕਖਾਨਾ : ਖ਼ਾਸ*
*ਸਥਾਨ : ਨਹਿਰ ਦਾ ਕੰਢਾ*



*ਸਮਾਂ : ਸ਼ਾਹ ਹਨੇਰੀ ਰਾਤ*
*ਜ਼ੁਰਮ : ਸ਼ਾਹ ਹਨੇਰੀ ਰਾਤ ਵਿਚ ਵੀ ਚਾਨਣ ਵੰਡਣ ਦੀ*
*ਕੋਸ਼ਿਸ਼ ਕਰ ਰਹੇ ਚੰਨ ਦੀ ਬੁੱਘੀ*
*ਗਵਾਹ : ਸਾਰੀ ਕਾਇਨਾਤ, ਚੰਨ, ਫੁੱਲ ਤੇ ਤਾਰੇ*
*ਸਜ਼ਾ : ਮੈਂ ਮੈਂ ਨਾ ਰਿਹਾ*
*ਮੈਂ ਕੀ ਹੋ ਗਿਆ*
*ਮੈਨੂੰ ਕੀ ਹੋ ਗਿਆ*
*ਮੈਂ ਚੰਨ ਹੋ ਗਿਆ*
*ਓਹ ਮੈਂ ਹੋ ਗਿਆ*
*ਮੈਂ ਓਹ ਹੋ ਗਿਆ*
*ਜੋ ਵੀ ਹੋ ਗਿਆ*
*ਵਧੀਆ ਹੋ ਗਿਆ*

ਸ਼ਾਹ ਕਾਲੀ ਰਾਤ ਵਿਚ ਵੀ ਚਾਨਣ ਵੰਡਣ ਦੀ ਕੋਸ਼ਿਸ਼ 'ਚ ਕਵੀ ਦਾ ਕਾਵਿ–ਸਫ਼ਰ ਸ਼ੁਰੂ ਹੁੰਦਾ ਹੈ। ਇਸ ਕਾਵਿ–ਸਫ਼ਰ ਨੂੰ ਇਕੋ ਵੇਲੇ ਬਹੁਤ ਸਾਰੇ ਸੱਚ ਦੀਆਂ ਧੁਨੀਆਂ ਅਤੇ ਪ੍ਰਤੀਧੁਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਵੀ ਦੀ ਸੰਵੇਦਨਾ ਚਾਨਣ ਵੰਡਣ ਦੇ ਵਸਤੂਗਤ ਯਥਾਰਥ ਅਤੇ ਕਾਲੀਆਂ ਰਾਤਾਂ ਦੀਆਂ ਸਮਾਜਕ ਕੀਮਤਾਂ ਦੇ ਵਿਰੋਧ ਨੂੰ ਹੁੰਗਾਰਾ ਭਰਦੀ ਹੈ। ਇਹ ਸਮੁੱਚਾ ਵਰਤਾਰਾ ਕਵੀ ਦੀ ਮਾਨਸਿਕਤਾ ਅਤੇ ਵਿਚਾਰਧਾਰਕ ਪੈਂਤੜੇ ਨੂੰ ਸਪਸ਼ਟ ਵੀ ਕਰਦਾ ਹੈ। ਕਾਵਿ ਸਫ਼ਰ ਦੌਰਾਨ ਕਵੀ ਸਮੁੱਚੇ ਲੇਖਕ ਭਾਈਚਾਰੇ ਦਾ ਹਿੱਸਾ ਹੁੰਦਾ ਹੈ ਜਿਹੜੇ ਇਕੋ ਜਿਹੇ ਵਸਤੂਗਤ ਯਥਾਰਥ ਦੇ ਸਨਮੁੱਖ ਹੁੰਦੇ ਹਨ ਪਰ ਉਸ ਦੀ ਸਿਆਣਪ ਇਹ ਹੁੰਦੀ ਹੈ ਕਿ ਉਹ ਸਮੁੱਚ ਦਾ ਹਿੱਸਾ ਹੁੰਦਿਆਂ ਹੋਇਆਂ ਵੀ ਆਪਣੇ ਅਨੁਭਵ ਦੀ ਵਿਅਕਤੀਗਤਤਾ ਕਰਕੇ ਉਸ ਤੋਂ ਵਿਲੱਖਣ ਹੋਏ, ਨਹੀਂ ਤਾਂ ਉਹ ਉਸੇ ਭੀੜ ਵਿਚ ਮਰ–ਖੱਪ ਜਾਏਗਾ ਜਿਸ ਤਰ੍ਹਾਂ ਅੰਮ੍ਰਿਤਾ– ਮੋਹਨ ਸਿੰਘ ਕਾਵਿ ਧਾਰਾ ਅਤੇ ਪਾਸ਼–ਪਾਤਰ ਕਾਵਿ–ਧਾਰਾ ਵਿਚ ਬਹੁਤ ਸਾਰੇ ਕਵੀ ਪਛਾਣਹੀਣ ਹੋ ਕੇ ਰਹਿ ਗਏ। ਸੋ ਵਿਅਕਤੀਗਤ ਅਨੁਭਵ ਅਤੇ ਉਸ ਅਨੁਭਵ ਨੂੰ ਨਵੀਆਂ ਕਾਵਿ–ਵਿਧੀਆਂ ਰਾਹੀਂ ਪੇਸ਼ ਕਰਨਾ ਕਿਸੇ ਕਵੀ ਦੀ ਪਛਾਣ ਅਤੇ ਮਾਨਤਾ ਦਾ ਸਾਧਨ ਬਣ ਜਾਂਦੇ ਹਨ ਅਤੇ ਸਮਾਜਕ ਸਰੋਕਾਰਾਂ ਪ੍ਰਤੀ ਕਵੀ ਦਾ ਹੁੰਗਾਰਾ ਉਸ ਦੀ ਕਾਵਿ–ਸੰਵੇਦਨਾ ਦਾ ਮੁੱਲ–ਨਿਰਧਾਰਿਤ ਕਰਦਾ ਹੈ।

ਸਹਿਜਪ੍ਰੀਤ ਇਹ ਮਹਿਸੂਸ ਕਰ ਰਿਹਾ ਹੈ ਕਿ ਪਲ ਪਲ ਬਦਲ ਰਹੇ ਸਮਾਜਕ ਵਰਤਾਰੇ ਵਿਚ ਕਵੀ ਦਾ ਆਪਾ ਵੀ ਵਿਛੁੰਨਿਆ ਗਿਆ ਹੈ। ਅਜੋਕੇ ਵਰਤਾਰੇ ਵਿਚ ਬਣ–ਵਿਚਰ ਰਿਹਾ ਮਨੁੱਖ ਵਿਛੁੰਨਤਾ ਦੀ ਸਥਿਤੀ ਵਿਚ ਹੈ। ਮੌਜੂਦਾ

ਵਰਤਾਰਾ ਮਾਨਵਤਾ ਵਿਰੋਧੀ ਹੈ। ਸਭ ਕੁਝ ਮਸਨੂਈ ਹੈ। ਵੇਖਣ ਨੂੰ ਸਮੁੱਚਾ ਵਰਤਾਰਾ ਵਿਸ਼ਵਾਸਯੋਗਤਾ ਭਰਿਆ ਦਿਸ ਰਿਹਾ ਹੈ ਪਰ ਕਰਮ ਵਿਚ ਵਿਸ਼ਵਾਸਹੀਣਤਾ ਭਰੀ ਪਈ ਹੈ। ਮਨੁੱਖ ਦਾ ਕੁਦਰਤ ਨਾਲ਼ ਸੰਵਾਦ ਟੁੱਟਣ ਕਰਕੇ ਉਹ ਕੁਦਰਤ ਤੋਂ ਵਿਛੁੰਨਿਆ ਗਿਆ ਹੈ। ਆਪਸੀ ਸੰਵਾਦ ਖ਼ਤਮ ਹੋਣ ਕਰਕੇ ਉਹ ਰਿਸ਼ਤਿਆਂ ਤੋਂ ਵਿਛੁੰਨਿਆ ਗਿਆ ਹੈ।

ਧਰਮ, ਰਾਜਨੀਤੀ, ਮਹਿਬੂਬਾ, ਪਰਿਵਾਰ, ਕੁਝ ਵੀ ਮਨੁੱਖ ਦੇ ਮੇਚ ਦਾ ਨਹੀਂ ਰਿਹਾ। ਸਹਿਜਪ੍ਰੀਤ ਦੀ ਕਵਿਤਾ ਇਨ੍ਹਾਂ ਸਾਰਿਆਂ ਮਸਲਿਆਂ ਨੂੰ ਹੁੰਗਾਰਾ ਭਰਦੀ ਹੈ ਅਤੇ ਸਿੱਧੇ ਸਪਾਟ ਸ਼ਬਦਾਂ ਵਿਚ ਵਿਅੰਗ ਦੀ ਧੁਨੀ ਨੂੰ ਉਭਾਰਦੀ ਹੈ। 'ਦੇਸੀ ਪਾਪਾ' ਨਾਂ ਦੀ ਕਵਿਤਾ ਵੇਖੋ :

*ਥੱਕਿਆ ਟੁੱਟਿਆ*
*ਪਹੁੰਚਦਾ ਹਾਂ ਘਰ*
*ਟੀ.ਵੀ. ਲਗਾਉਂਦਾ ਹਾਂ*
*ਬੱਚੇ ਵੀ ਆਣ ਬੈਠਦੇ ਨੇ*
*ਗਾਣਾ ਚੱਲ ਰਿਹਾ ਹੈ*
*ਨਾ ਮਾਤਰ ਕੱਪੜੇ ਨਰਤਕੀ ਦੇ*
*ਠੁਮਕੇ ਵੱਜ ਰਹੇ ਨੇ*
*ਕੁਝ ਦੇਰ ਬੈਠਦਾ ਹਾਂ*
*ਖ਼ੌਰੇ ਕਿਉਂ*
*ਹੁੰਦਾ ਹਾਂ ਮੁੜਕੋ-ਮੁੜਕੀ*
*ਆਖ਼ਿਰ ਉਠਦਾ ਹਾਂ*
*ਬਾਹਰ ਵੱਲ ਜਾਣ ਲੱਗਿਆਂ*
*ਇਕ ਧੀਮੀ ਆਵਾਜ਼*
*ਕਰਦੀ ਪਿੱਛਾ ਮੇਰਾ*
*ਪਾਪਾ ਵੀ ਕਿੰਨੇ ਦੇਸੀ ਨੇ!*

ਔਰਤ ਪ੍ਰਤੀ ਕਵੀ ਦਾ ਵਿਚਾਰਧਾਰਕ ਪੈਂਤੜਾ ਕੀ ਹੈ, 'ਆਜ਼ਾਦੀ' ਨਾਂ ਦੀ ਕਵਿਤਾ ਵਿਚ ਵੇਖਿਆ ਜਾ ਸਕਦਾ ਹੈ :



*ਮੇਰੀ ਧੀ*
*ਉਡਣਾ ਲੋਚਦੀ ਹੈ*
*ਉਡਾਰੀ ਲਾਉਣੀ ਚਾਹੁੰਦੀ*
*ਭਰਨੀ ਚਾਹੁੰਦੀ ਏ ਪਰਵਾਜ਼*
*ਅੰਬਰਾਂ ਵੱਲ*
*ਮੇਰੇ ਤੋਂ*
*ਖੰਭ ਮੰਗਦੀ ਏ*
*ਮੈਨੂੰ ਕਹਿੰਦੀ ਏ*
*ਉਡਣਾ ਏ ਉਸ*
*ਪਰ*
*ਨਹੀਂ ਦੇ ਸਕਦਾ ਖੰਭ ਮੈਂ*
*ਮੇਰੀ ਦਾਦੀ ਸ਼ਾਇਦ*
*ਬਿਨਾਂ ਪਰਾਂ ਤੋਂ ਹੀ*
*ਹੋ ਗਈ ਪੂਰੀ*
*ਮਾਂ ਮੇਰੀ ਵੀ*
*ਨਾ ਲਗਾ ਸਕੀ*
*ਕਦੇ ਉੱਚੀ ਉਡਾਰੀ*
*ਜੀਵਨ ਸਾਥਣ ਨੂੰ*
*ਨਾ ਦੇ ਸਕਿਆ ਖੰਭ ਹਾਲੇ ਤੀਕ*
*ਮੈਂ ਕਿਵੇਂ ਜਾ ਸਕਦਾ ਹਾਂ*
*ਉਲਟ ਰਵਾਇਤ ਤੋਂ*
*ਮੇਰੀ ਮਜਬੂਰੀ ਏ*
*ਨਹੀਂ ਦੇ ਸਕਦਾ ਖੰਭ ਮੈਂ*
*ਪਰ*
*ਮੇਰੀ ਧੀ ਉਡਣਾ ਲੋਚਦੀ ਏ*

ਸਿਸਟਮ ਕਿਵੇਂ ਮਨੁੱਖ ਨੂੰ ਨਿਸ਼ਕਿਰਿਅਤਾ ਵਿਚ ਬਦਲਦਾ ਹੈ, 'ਬਾਬੂ ਗਿਰੀ' ਕਵਿਤਾ ਵਿਚ ਵੇਖਿਆ ਜਾ ਸਕਦਾ ਹੈ :

*ਲਿਖਣ ਲੱਗਦਾ ਹਾਂ*
*ਕਲਮ ਚੁੱਕਦਾ ਹਾਂ*

*ਬੱਸ ਅੱਜ ਤਾਂ*
*ਸੱਚੋ ਸੱਚ*
*ਲਿਖ ਦੇਣਾ ਸਭ ਕੁਝ*
*ਕਿਸੇ ਤੋਂ ਨਹੀਂ ਡਰਾਂਗਾ*
*ਪਰਦਾਫਾਸ਼ ਕਰਾਂਗਾ*
*ਲੋਕਾਂ ਦੀ ਗੱਲ ਕਰਾਂਗਾ*
*ਸਦੀਆਂ ਤੋਂ ਸੰਤਾਪ ਭੋਗਦੇ ਲੋਕ*
*ਤਰਜਮਾਨੀ ਕਰਾਂਗਾ ਉਨ੍ਹਾਂ ਦੀ*
*ਹਾਕਮ ਦੀਆਂ ਕਰਤੂਤਾਂ*
*ਕਰਾਂਗਾ ਨੰਗੀਆਂ*
*ਪਰ ਲਿਖਦਾ ਹਾਂ*
*ਹਾਕਮ ਦੀ ਵਡਿਆਈ*
*ਹਾਕਮ ਸੱਚਾ ਸੁੱਚਾ ਏ*
*ਲੋਕ ਐਵੇਂ ਹੀ ਬੱਸ*
*ਨਿੰਦਦੇ ਰਾਜੇ ਨੂੰ*
*ਇਹ ਲੋਕ ਵੀ*
*ਐਵੇਂ ਮੰਗਾਂ ਰੱਖੀ ਜਾਣਗੇ*
*ਹਾਕਮ ਵਿਚਾਰਾ*
*ਮਰਦਾ ਸਾਰਾ ਦਿਨ ਇਨ੍ਹਾਂ ਲਈ*

*ਇੰਝ ਮੇਰੀ ਨਜ਼ਮ*
*ਜੰਮਣ ਤੋਂ ਪਹਿਲਾਂ ਹੀ*
*ਮਰ ਜਾਂਦੀ ਏ*
*ਅਣਆਈ ਮੌਤ*

ਪੈਸਾ ਤੇ ਸਿਰਜਣਾ ਦਾ ਸੱਚ 'ਮੈਂ ਤੇ ਮਿੱਤਰ' ਕਵਿਤਾ ਦਾ ਹਿੱਸਾ ਹੈ :

*ਮੇਰੇ ਕੋਲ*
*ਸ਼ਬਦ ਆਉਂਦੇ*
*ਸ਼ਬਦਾਂ ਤੋਂ*
*ਅੱਖਰ ਬਣਦੇ*



*ਅੱਖਰ ਵਾਕਾਂ ਵਿਚ ਤਬਦੀਲ ਹੁੰਦੇ*
*ਵਾਕ ਕਵਿਤਾ ਵਿਚ ਢਲ਼ ਜਾਂਦੇ*
*ਮੈਂ ਖ਼ੁਸ਼ੀ ਵਿਚ ਖੀਵਾ ਹੋਵਾਂ*
*ਮਿੱਤਰ ਮੇਰੀ ਖ਼ੁਸ਼ੀ 'ਤੇ*
*ਮਜ਼ਾਕ ਕਰ ਛੱਡਦੇ*
*ਮਿੱਤਰਾਂ ਕੋਲ*
*ਪੈਸਾ ਆਉਂਦਾ*
*ਪੈਸੇ ਤੋਂ ਰੁਪਏ ਬਣਦੇ*
*ਰੁਪਏ ਹੋਰ ਰੁਪਇਆਂ ਵਿਚ*
*ਤਬਦੀਲ ਹੁੰਦੇ*
*ਹੋਰ ਰੁਪਏ*
*ਮਹਿੰਗੀਆਂ ਵਸਤਾਂ ਵਿਚ ਢਲ ਜਾਂਦੇ*
*ਮਿੱਤਰ ਉੱਚੀ ਉੱਚੀ ਕੂਕਾਂ ਮਾਰਦੇ*
*ਮੈਂ ਮਿੱਤਰਾਂ ਦੀ ਖ਼ੁਸ਼ੀ 'ਤੇ*
*ਮੁਸਕਰਾ ਛੱਡਦਾ*
*ਬਸ ਮੁਸਕਰਾ ਛੱਡਦਾ*

ਵਿਸ਼ਵੀਕਰਨ ਦੇ ਅੰਤਰਗਤ ਮਨੁੱਖ ਦਾ ਮਾਨਵੀ ਵਿਹਾਰ ਅਤੇ ਮਨ ਵਿਚਲੇ ਡਰ ਨੂੰ ਬਾਜ਼ਾਰ ਕਿਵੇਂ ਨਿਰਧਾਰਿਤ ਤੇ ਨਿਰਦੇਸ਼ਿਤ ਕਰਦਾ ਹੈ, 'ਬੱਚਾ ਤੇ ਬਾਜ਼ਾਰ' ਕਵਿਤਾ ਦੀਆਂ ਸਤਰਾਂ ਮੁੱਲਵਾਨ ਹਨ :

*ਬੱਚਾ ਨਹੀਂ ਸਮਝਦਾ*
*ਬਾਜ਼ਾਰ ਦੀ ਭਾਸ਼ਾ*
*ਬੱਚਾ ਨਹੀਂ ਜਾਣਦਾ*
*ਬਾਜ਼ਾਰ ਦੀ ਲੀਲ੍ਹਾ*
*ਉਸਨੂੰ ਤਾਂ*
*ਆਪਣੇ ਵੱਲ ਖਿਚਦੇ*
*ਲਿਸ਼ਕਦੇ-ਪੁਸ਼ਕਦੇ ਸ਼ੀਸ਼ਿਆਂ ਵਿਚ ਪਏ*
*ਰੰਗ ਬਰੰਗੇ ਖਿਡਾਉਣੇ*
*ਉਹ ਤਾਂ*
*ਉਨ੍ਹਾਂ ਨੂੰ ਲੈਣ ਦੀ ਜ਼ਿੱਦ ਕਰਦਾ*

*ਭੁੰਜੇ ਲਿਟਦਾ*
*ਅੜੀਆਂ ਕਰਦਾ*
*ਲੱਤਾਂ ਬਾਹਾਂ ਮਾਰਦਾ*
*ਮਾਂ ਬਾਪ ਦੀ*
*ਇਕ ਵੀ ਨਾ ਸੁਣਦਾ*
*ਉਹ ਨਹੀਂ ਜਾਣਦਾ*
*ਬਾਪ ਦੀ ਜੇਬ*
*ਬਾਜ਼ਾਰ ਤੋਂ ਕਿੰਨ੍ਹਾ ਡਰਦੀ*
*ਪਰ*
*ਬੱਚੇ ਨੂੰ ਇਸ ਤਰ੍ਹਾਂ*
*ਬੇ-ਹਾਲ ਦੇਖ ਕੇ*
*ਬਾਪ ਦੀ ਜੇਬ੍ਹ ਵੀ*
*ਹੌਕੇ ਭਰਦੀ*
*ਬੱਚਾ ਨਹੀਂ ਸਮਝਦਾ*
*ਬਾਜ਼ਾਰ ਦੀ ਭਾਸ਼ਾ*
*ਬੱਚਾ ਕਦੋਂ ਸਮਝਦਾ*
*ਬਾਜ਼ਾਰ ਦੀ ਲੀਲ੍ਹਾ*

ਸਹਿਜ ਦੀਆਂ ਇਨ੍ਹਾਂ ਕਵਿਤਾਵਾਂ ਵਿਚ ਸ਼ਬਦ-ਸ਼ਕਤੀ ਬੜੀ ਮੁੱਲਵਾਨ ਹੈ। ਇਸੇ ਰੂਪ ਵਿਚ ਹੀ ਗ਼ਜ਼ਲ 'ਤੇ ਭਾਵੇਂ ਉਸਨੇ ਪਹਿਲੀ ਵਾਰ ਹੱਥ ਅਜ਼ਮਾਇਆ ਪਰ ਸਾਦਗੀ ਤੇ ਸਧਾਰਣਤਾ ਨੇ ਸ਼ਿਅਰਾਂ ਵਿਚ ਤਾਕਤ ਭਰ ਦਿੱਤੀ ਹੈ : ਵੇਖੋ;

*ਸਿੱਧੇ ਮੇਰੀ ਹਿੱਕ 'ਚ ਵੱਜੇ*
*ਬੋਲਾਂ ਦੇ ਤੂੰ ਤੀਰ ਜੋ ਛੱਡੇ*

*ਰਹੀ ਪਾਕੀਜ਼ਗੀ ਇਨ੍ਹਾਂ 'ਚ ਕਿਥੇ*
*ਹੁਣ ਕੀ ਨਾਮ ਰੱਖੀਏ ਰਿਸ਼ਤਿਆਂ ਦਾ*

*ਲੋਕਾਂ ਫੂਕਾਂ ਮਾਰ ਬੁਝਾਉਣੇ*
*ਦੀਵੇ ਫਿਰ ਵੀ ਬਾਲ ਸ਼ਹਿਰ ਵਿਚ।*



ਸਾਵੀਆਂ ਕਰੂੰਬਲਾਂ ਵਾਂਗ ਫੁੱਟੀ ਕਾਵਿ-ਸਿਰਜਣਾ ਦੇ ਨਾਮਕਰਣ ਅਤੇ ਮਕਸਦ ਨਾਲ਼ ਸੰਬੰਧਤ ਕਾਵਿ-ਸਿਰਜਣਾ ਦੀ ਸੁਹਿਰਦਤਾ ਬਾਰੇ ਗੱਲ ਕਰਦਿਆਂ ਮੈਂ ਇਹ ਤਾਂ ਦਾਅਵਾ ਨਹੀਂ ਕਰਦਾ ਕਿ ਸਹਿਜਪ੍ਰੀਤ ਕਵੀਆਂ ਦੇ ਸਮੁੱਚ ਨਾਲੋਂ ਆਪਣੇ ਵਿਅਕਤੀਗਤ ਅਨੁਭਵ ਅਤੇ ਵਿਲੱਖਣ ਕਾਵਿ-ਵਿਧੀਆਂ ਕਰਕੇ ਵੱਖਰਾ ਹੈ, ਪਰ ਇਹ ਜ਼ਰੂਰ ਕਹਿ ਸਕਦਾ ਹੈ ਕਿ ਉਸ ਦਾ ਨਿਰੰਤਰ ਕਾਵਿ ਚਿੰਤਨ ਤੇ ਚਿੰਤਾ ਭਵਿੱਖ ਵਿਚ ਉਸ ਨੂੰ ਵਿਲੱਖਣਤਾ ਜ਼ਰੂਰ ਪ੍ਰਦਾਨ ਕਰੇਗਾ।

ਸੋ ਮੇਰਾ ਯਕੀਨ ਕਰਿਓ ਕਿ ਸਹਿਜਪ੍ਰੀਤ ਦੀ ਕਾਵਿ ਪ੍ਰਤੀ ਸੁਹਿਰਦਤਾ, ਚਿੰਤਨ ਪ੍ਰਤੀ ਨਿਰੰਤਰ ਗੰਭੀਰਤਾ, ਸ਼ਬਦ ਸਾਧਾਰਣਤਾ ਤੇ ਜ਼ਿੰਦਗੀ ਪ੍ਰਤੀ ਸਹਿਜ-ਪ੍ਰੀਤ ਉਸ ਨੂੰ ਕਾਵਿ-ਪਛਾਣ ਜ਼ਰੂਰ ਦੇਵੇਗੀ। ਇਸੇ ਆਸ ਨਾਲ਼ 'ਮੇਰਾ ਯਕੀਨ ਕਰੀਂ' ਕਾਵਿ-ਪੁਸਤਕ ਨੂੰ ਖ਼ੁਸ਼ਆਮਦੀਦ ਕਹਿੰਦਾ ਹੋਇਆ ਪਾਠਕਾਂ ਦੇ ਸੁਹਿਰਦ ਹੁੰਗਾਰੇ ਲਈ ਪੇਸ਼ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ।

**-ਗੁਰਇਕਬਾਲ ਸਿੰਘ**
**ਜਨਵਰੀ 2016**

## ਕਵਿਤਾ ਦਾ ਪਹੁ-ਫੁਟਾਲਾ : ਸਹਿਜਪ੍ਰੀਤ ਸਿੰਘ ਮਾਂਗਟ

ਸਹਿਜਪ੍ਰੀਤ ਖ਼ੁਦ ਗ਼ਜ਼ਲ ਦੇ ਸੁਹਣੇ ਸ਼ਿਅਰ ਵਰਗਾ ਹੈ। ਉਸਦੀ ਬੋਲ-ਚਾਲ ਮੋਹ ਲੈਂਦੀ ਹੈ। ਉਸਦਾ ਅਨੁਭਵ ਕਾਵਿ-ਮਈ ਹੈ। ਅਪਣੇ ਦੂਜੇ ਕਾਵਿ-ਸੰਗ੍ਰਹਿ ਨਾਲ਼ ਉਹ ਕਵਿਤਾ ਦੇ ਖੇਤਰ ਵਿਚ ਪਹੁ-ਫੁਟਾਲੇ ਵਾਂਗ ਉਭਰ ਕੇ ਸਾਹਮਣੇ ਆਇਆ ਹੈ। ਜਿਥੇ ਉਸਦਾ ਪਹਿਲਾ ਕਾਵਿ-ਸੰਗ੍ਰਹਿ ਉਸਦੇ ਅੰਦਰ ਸਮੋਏ ਕਵਿਤਾ ਦੇ ਸੋਮੇ ਦੀ ਆਪ ਮੁਹਾਰੇ ਫੁਟ ਨਿਕਲਣ ਦੀ ਉਤਸੁਕਤਾ ਸੀ, ਉਥੇ ਇਹ ਦੂਜਾ ਕਾਵਿ-ਸੰਗ੍ਰਹਿ ਸੰਗੀਤ-ਮਈ ਕਰਨੇ ਦੇ ਵਾਂਗ ਤੁਰਨ ਦੀ ਬਾਤ ਦਾ ਹੁੰਗਾਰਾ ਹੈ।

ਸਹਿਜਪ੍ਰੀਤ ਨੂੰ ਜਨ-ਸਾਧਾਰਨ ਦੇ ਜੀਵਨ ਦੀਆਂ ਸਮਾਜਕ, ਰਾਜਨੀਤਕ ਤੇ ਆਰਥਿਕ ਪ੍ਰਸਥਿਤੀਆਂ ਦਾ ਸਪਸ਼ਟ ਅਨੁਭਵ ਹੈ; ਬਿਖਰ ਰਹੇ ਇਨਸਾਨੀ ਰਿਸ਼ਤਿਆਂ ਦਾ ਦਰਦ ਹੈ ਤੇ ਅਜੋਕੇ ਮਨੁੱਖ ਦੀ ਮਾਨਸਿਕ ਪ੍ਰੇਸ਼ਾਨੀ ਦਾ ਫ਼ਿਕਰ ਹੈ। ਇਹ ਉਸਦੀ ਸੰਵੇਦਨਸ਼ੀਲਤਾ ਹੈ ਕਿ ਇਸ ਸਭ ਕੁਝ ਨੂੰ ਉਹ ਦਿਮਾਗੀ ਪੱਧਰ ਦਾ ਵਿਸ਼ਲੇਸ਼ਣ ਨਹੀਂ ਸਗੋਂ ਦਿਲ ਦਾ ਹਓਕਾ ਬਣਾਉਂਦਾ ਹੈ। ਇਸ ਹਓਕੇ ਨਾਲ਼ ਉਹ ਜਿਉਂਦਾ ਵੀ ਹੈ ਅਤੇ ਇਸੇ ਹਓਕੇ ਦੀ ਗਲ ਉਸਦੀ ਕਵਿਤਾ ਦਾ ਰੂਪ ਧਾਰ ਲੈਂਦੀ ਹੈ।

ਕੁਦਰਤ ਨਾਲ਼ ਇਕ ਸੁਰਤਾ ਮਨੁੱਖ ਦੀ ਬੁਨਿਆਦੀ ਜ਼ਰੂਰਤ ਹੈ- ਇਹ ਉਸਨੂੰ ਜਿਉਂਦਿਆਂ ਰਖਦੀ ਹੈ। ਸਹਿਜਪ੍ਰੀਤ ਵਾਸਤੇ ਇਸ ਇਕਸੁਰਤਾ ਤੋਂ ਵਾਂਝਾ ਮਨੁੱਖ ਡੋਰ ਨਾਲੋਂ ਟੁੱਟੇ ਪਤੰਗ ਵਾਂਗ ਹੈ ਅਤੇ ਪਲ-ਪਲ ਕਰਕੇ ਕੱਚੇ ਕੰਢੇ ਵਾਂਗ ਖੁਰ ਰਿਹਾ ਹੈ। ਮਨੁੱਖ ਦਾ ਲਾਲਚ ਵੱਸ ਹੋ ਕੇ ਪੌਣ ਪਾਣੀ ਵਰਗੀ ਅਨਮੋਲ ਦਾਤ ਨੂੰ ਜ਼ਹਿਰ ਬਣਾ ਲੈਣਾ ਤੇ ਫਿਰ ਉਸੇ ਜ਼ਹਿਰ ਦੇ ਸਹਾਰੇ ਜਿਉਂ ਕੇ ਸਹਿਕ ਸਹਿਕ ਕੇ ਮਰਨ ਕਿਨਾਰੇ ਪਹੁੰਚਣਾ ਇਉਂ ਲਗਦਾ ਹੈ ਕਿ ਚੰਨ ਤਾਰਿਆਂ ਨੂੰ ਛੂਹ ਕੇ ਵੀ ਆਦਮੀ ਅਜੇ ਮਿੱਟੀ ਤੋਂ ਉਪਰ ਨਹੀਂ ਉਠ ਸਕਿਆ।

ਜੀਵਨ ਵਿਚੋਂ ਸਾਦਗੀ ਤੇ ਮੋਹ ਪਿਆਰਾਂ ਦੀ ਅਲੋਪਤਾ ਉਸਨੂੰ ਬਹੁਤ ਬੇਕਰਾਰ ਕਰਦੀ ਹੈ ਜਿਸਦਾ ਜ਼ਿੰਮੇਦਾਰ ਉਹ ਸਮੇਂ ਦੇ ਗੇੜ ਨਾਲ਼ ਜੀਵਨ ਦੀਆਂ ਕਦਰਾਂ-ਕੀਮਤਾਂ ਵਿਚ ਆਈ ਗਿਰਾਵਟ ਨੂੰ ਮੰਨਦਾ ਹੈ ਜਿਨ੍ਹਾਂ ਨੇ "ਪਾਪਾ ਨੂੰ ਦੇਸੀ", ਬਣਾ ਦਿੱਤਾ ਹੈ- ਜਿਸ ਤਰ੍ਹਾਂ ਦੇਸੀ ਹੋਣਾ ਪੱਥਰ-ਜੁਗ ਦਾ ਸਰਾਪ ਹੋਵੇ। "ਕੱਲ ਤੋਂ ਅੱਜ" ਤੱਕ ਦੇ ਸਫ਼ਰ ਦੀ ਦੂਰੀ ਵਿਚ ਭਟਕਦਾ ਉਹ "ਤਾਏ ਕਿਸ਼ਨੇ",



ਨਾਲ਼ ਗੁਰਦੁਆਰੇ ਜਾਂਦਾ ਪ੍ਰੰਪਰਾਗਤ ਜੀਵਨ ਦੇ ਖੋਖਲੇਪਣ ਦੀ ਉਦਾਸੀ ਵੀ ਜਿਉਂਦਾ ਹੈ।

ਆਜ਼ਾਦ ਮੁਲਕ ਦੇ ਸ਼ਹਿਰੀਆਂ ਦੀ ਗੁਲਾਮ ਮਾਨਸਿਕਤਾ ਦਾ ਬੋਝ ਜਿਵੇਂ ਉਸਤੋਂ ਚੁਕਿਆ ਨਹੀਂ ਜਾਂਦਾ। ਉਹ ਕਦੇ ਕਿਸੇ ਦਫ਼ਤਰ ਵਿਚ ਚਿਰੋਕੀ ਪਈ ਇਤਰਾਜ਼ਾਂ ਨਾਲ਼ ਦਿਨੋ-ਦਿਨ ਭਾਰੀ ਹੋ ਰਹੀ ਫਾਈਲ ਦੇ ਬੋਝ ਥੱਲੇ ਦਬ ਜਾਂਦਾ ਹੈ; ਕਦੇ "ਮੂਲ ਨੂੰ ਭੁਲ" ਨਿਤਾ ਪ੍ਰਤੀ ਜੀਵਨ ਦੀ ਮਜਬੂਰੀ ਵੱਸ "ਪਾਪਾਂ ਦੀ ਗਠੜੀ" ਚੁਕੇ ਫਿਰਦੇ ਬੰਦੇ ਦੀ ਦੁਰਦਸ਼ਾ ਤੇ ਕਰਾਹ ਉਠਦਾ ਹੈ। ਕਦੇ ਕੁਰਸੀ ਸੱਤਾ ਲਈ ਹੋ ਰਹੀ ਜ਼ਮੀਰਾਂ ਦੀ ਖਰੀਦੋ ਫਰੋਖ਼ਤ ਉਸਦੀ ਉਮੀਦ ਨੂੰ ਵਲੂੰਧਰ ਦਿੰਦੀ ਹੈ। ਇਸ ਬੇ-ਉਮੀਦੀ ਵਿਚੋਂ ਵੀ ਉਹ ਰਾਤ ਦੇ ਹਨੇਰੇ ਨਾਲ਼ ਲੜ ਕੇ ਜਿੱਤ ਦੇ ਪਹੁ-ਫੁਟਾਲੇ ਦੀ ਲਾਲੀ ਵਾਂਗ ਉਭਰਦਾ ਹੈ ਅਤੇ ਭਿਖਾਰਣ ਬਣੀ ਜ਼ਿੰਦਗੀ ਨਾਲ਼ ਉਹ "ਹੱਕ ਸੱਚ ਦੀ ਲੜਾਈ" ਜਿੱਤਣ ਦਾ ਵਾਅਦਾ ਕਰਦਾ ਹੈ। ਇਹ ਉਸਦੀ ਰਚਨਾਤਮਿਕ ਪ੍ਰਕਿਰਿਆ ਦਾ ਕਲਿਆਣਕਾਰੀ ਪੱਖ ਹੈ।

ਸੰਜੋਗ ਤੇ ਵਿਯੋਗ ਪਿਆਰ ਦੀ ਰੁੱਤ ਦੇ ਦੋ ਪੱਖ ਹਨ- ਚਾਨਣੇ ਤੇ ਹਨੇਰੇ ਪੱਖ ਵਾਂਗ। ਵਿਯੋਗ ਪੱਖ ਨਿਰਾਸਤਾਵਾਂ, ਬੇਵਫ਼ਾਈਆਂ, ਰੋਸਿਆਂ, ਉਲਾਂਭਿਆਂ, ਗਿਲਿਆਂ, ਸ਼ਿਕਵਿਆਂ, ਉਦਾਸੀਆਂ, ਪੀੜਾਂ, ਦਰਦਾਂ ਦਾ ਭਰਿਆ ਹਨੇਰਾ ਪੱਖ ਹੁੰਦਾ ਹੈ। ਕਈ ਵਾਰ ਤਾਂ ਲੱਗਦਾ ਹੈ ਕਿ ਹਨੇਰੇ ਦੇ ਇਸ ਅਹਿਸਾਸ ਤੋਂ ਬਿਨਾ ਸ਼ਾਇਦ ਚਾਨਣ ਦੀ ਸਹੀ ਪਹਿਚਾਣ ਹੀ ਸੰਭਵ ਨਾ ਹੁੰਦੀ ਹੋਵੇ। ਅਜਿਹੇ ਚਾਨਣ ਦਾ ਤਰਸੇਵਾਂ ਸਹਿਜਪ੍ਰੀਤ ਦੀ ਕਵਿਤਾ ਦੇ ਉਹਨਾ ਉਲਾਂਭਿਆਂ ਦੇ ਪਰਦੇ ਪਿਛੋਂ ਦੀ ਝਾਕਦਾ ਹੈ ਜਿੰਨ੍ਹਾ ਵਿਚ "ਧੜਕਣਾ ਦੀ ਸਾਂਝ" ਦੇ ਫੋਕੇ ਵਾਅਦੇ, ਪੈੜਾਂ ਲਭਣ ਤੁਰਿਆਂ ਦਾ ਰਾਹ ਰੋਕੀ ਖੜੇ ਸਮੁੰਦਰ : ਕਿਸੇ ਅਣਲਿਖੇ ਖਤ ਦੇ ਜਵਾਬ ਦੇਣ ਦਾ ਯਤਨ; ਕਿਸੇ ਦੇ ਨਾਮ ਕੀਤੇ ਗੁੰਮਨਾਮ ਸਾਹਾਂ ਦਾ ਉਦਰੇਵਾਂ ਏਨਾ ਭਰਿਆ ਪਿਆ ਹੈ ਕਿ ਉਸਨੂੰ ਮੁਹੱਬਤ ਦੀ ਪਰਿਭਾਸ਼ਾ "ਮਗਰੂਰੀ ਤੇ ਮਜਬੂਰੀ" ਵਿਚ ਕੈਦ ਹੋਈ ਦਿਸਦੀ ਹੈ। ਇਸ ਦੇ ਬਾਵਜੂਦ ਵੀ ਉਸਦਾ ਬੇਕਰਾਰ ਦਿਲ "ਬੇਨਾਮ ਰਿਸ਼ਤਿਆਂ" ਉਤੇ ਕੁਰਬਾਨ ਹੋਣ ਨੂੰ ਫਿਰਦਾ ਹੈ :

*"ਇਹ ਤੇਰੀ ਹੀ ਅਮਾਨਤ ਹੈ ਰਹੇਗਾ ਇਹ ਸਦਾ ਤੇਰਾ*
*ਕਿਸੇ ਦਾ ਦਿਲ ਨਹੀਂ ਹੋਇਆ ਤੇਰੇ ਤੁਰ ਜਾਣ ਦੇ ਮਗਰੋਂ।"*

ਇਸ ਸੰਗ੍ਰਹਿ ਵਿਚ ਸ਼ਾਮਲ ਸਹਿਜਪ੍ਰੀਤ ਦੀਆਂ ਗ਼ਜ਼ਲਾਂ ਵਿਚ ਇਕ ਵਿਸ਼ੇਸ਼ ਖਿੱਚ ਹੈ। ਇਹਨਾਂ ਵਿਚ ਸਮਾਜਕ ਚੇਤਨਾ ਉਘੜਦੀ ਹੈ, ਮਨੁੱਖੀ ਰਿਸ਼ਤਿਆਂ ਦਾ ਕਰੂਪ ਚਿਹਰਾ ਉਦਾਸੀ ਪ੍ਰਗਟਾਉਂਦਾ ਹੈ, ਰਹਿਬਰਾਂ ਦਾ ਗੁੰਮਰਾਹ ਕੀਤਾ

ਸੁਟਿਆ, ਖਸੁਟਿਆ ਚੌਰਾਹੇ ਤੇ ਖੜਾ ਬੇਵਸ ਇਨਸਾਨ ਉਸਦੀ ਹਮਦਰਦੀ ਦਾ ਪਾਤਰ ਹੈ :

*ਹਾਕਮ ਨੇ ਤਾਂ ਦਰ ਦਰਵਾਜੇ ਭੇੜ ਲਏ*
*ਲੈ ਕੇ ਫਿਰ ਅਰਜੋਈਆਂ ਕਿਹੜੇ ਦਰ ਜਾਂਦੇ।*

*ਕਰੋ ਧੰਨਵਾਦ ਕੁਝ ਤਾਂ ਪਰਦਿਆਂ ਦਾ*
*ਲੁਕਾ ਰੱਖਿਆ ਇਹਨਾਂ ਕੀ ਕੁਝ ਘਰਾਂ ਦਾ।*

*ਰਹੀ ਪਾਕੀਜ਼ਗੀ ਇਹਨਾਂ 'ਚ ਕਿੱਥੇ*
*ਕਿ ਹੁਣ ਕੀ ਨਾਮ ਰੱਖੀਏ ਰਿਸ਼ਤਿਆਂ ਦਾ।*

*ਉੱਤੋਂ ਬੰਦਾ ਸਾਊ ਕਿੰਨਾ*
*ਕੀ ਨਈਂ ਕਰਦਾ ਅੰਦਰਖਾਤੇ।*

*ਮੇਰੇ ਤਾਂ ਸ਼ਹਿਰ ਦੀ ਏਨੀ ਹੀ ਗਾਥਾ*
*ਨਾ ਏਥੇ ਫੁੱਲ ਨਾ ਹੀ ਚੰਨ ਤਾਰੇ*

ਪਰਵਾਸੀ ਬਣੀ ਪੀੜ੍ਹੀ ਵਾਸਤੇ ਪਰਵਾਸ ਉਦੋਂ ਸਰਾਪ ਬਣਦਾ ਹੈ ਜਦੋਂ ਵਿਦੇਸ਼ਾਂ ਦੇ ਵੱਡੇ-ਵੱਡੇ ਘਰਾਂ ਵਿਚ ਰਹਿੰਦਿਆਂ ਬੇ-ਘਰੇ ਹੋਣ ਦਾ ਅਹਿਸਾਸ ਜਿਉਣਾ ਦੁੱਭਰ ਕਰ ਦਿੰਦਾ ਹੈ। ਆਰਥਿਕ ਮਜਬੂਰੀਆਂ ਦੀ ਇਸ ਧੂਹ-ਘੜੀਸ ਜੋ ਉਦਰੇਵਾਂ ਪੈਦਾ ਕਰਦੀ ਹੈ ਉਹ ਚੈਨ ਨਾਲ਼ ਜਿਉਣ ਨਹੀਂ ਦਿੰਦਾ। ਪਿੱਛੇ ਮੁੜਿਆਂ ਗੁਆਚੇ ਪਲ ਲਭਦੇ ਨਹੀਂ; ਅਗੇ ਤੁਰਿਆ ਜੜ੍ਹਾਂ ਨਾਲੋਂ ਟੁੱਟੇ ਹੋਣ ਦੀ ਉਦਾਸੀ ਰਾਹਾਂ ਦੀ ਵੀਰਾਨਗੀ ਅਤੇ ਸੁੰਨਾਪਣ ਬਣਦੀ ਹੈ। ਸਹਿਜਪ੍ਰੀਤ ਨੇ ਇਸ ਦੁਖਾਂਤ ਨੂੰ ਬਹੁਤ ਨੇੜਿਓਂ ਤੱਕਿਆ ਹੈ :

*ਸਾਰੀ ਉਮਰ ਵਿਦੇਸ਼ਾਂ ਵਿਚ ਹੰਢਾ ਆਏ*
*ਹੁਣ ਮਾਵਾਂ ਦੀਆਂ ਛਾਵਾਂ ਲਭਦੇ ਫਿਰਦੇ ਨੇ*

*ਪਹਿਲਾਂ ਬੋਲੀ ਫਿਰ ਮਿੱਟੀ ਤੋਂ ਟੁੱਟ ਗਏ*
*ਹੁਣ ਅਪਣਾ ਸਿਰਨਾਵਾਂ ਲਭਦੇ ਫਿਰਦੇ ਨੇ*



ਸਹਿਜਪ੍ਰੀਤ ਪੰਜਾਬ ਦਾ ਜੰਮਪਲ ਹੈ। ਪੰਜਾਬ ਵਿਚ ਰਹਿੰਦਾ ਹੈ। ਪੰਜਾਬ ਦੀ ਨਿੱਘਰਦੀ ਦਸ਼ਾ ਦੀ ਦਾਸਤਾ ਕਹਿੰਦਿਆਂ, ਸੁਣਦਿਆਂ ਉਸਦੀ ਰੂਹ ਵਲੂੰਧਰੀ ਜਾਂਦੀ ਹੈ। ਜਿਥੇ ਹਵਾਵਾਂ, ਦਰਿਆਵਾਂ, ਛਾਵਾਂ, ਮਾਵਾਂ, ਦੋਸਤੀਆਂ, ਜੁਆਨੀਆਂ ਗੀਤਾਂ, ਭੰਗੜਿਆਂ ਦੀਆਂ ਗੱਲਾਂ ਕਰਨ ਵੇਲੇ ਇਕ ਨਸ਼ਾ ਚੜ੍ਹਦਾ ਸੀ ਉਥੇ ਹੁਣ ਬੇਰੁਜ਼ਗਾਰੀ, ਮਜਬੂਰੀ, ਖੁਦਕੁਸ਼ੀਆਂ ਤੇ ਨਸ਼ਿਆਂ ਦੀਆਂ ਗੱਲਾਂ ਸੁਣਕੇ ਕੰਬਣੀ ਚੜ੍ਹਦੀ ਹੈ। ਸਹਿਜਪ੍ਰੀਤ ਇਹਨਾਂ ਬੇ-ਰੌਣਕ ਹੋਈਆਂ ਗਲੀਆਂ ਤੇ ਸੁੰਨਸਾਨ ਵਿਹੜਿਆਂ 'ਚੋਂ ਗੁਆਚੇ ਹਾਸੇ ਲਭਦਾ ਫਿਰਦਾ ਹੈ। ਪੱਕੀਆਂ ਸੜਕਾਂ ਦੇ ਬਦਕਿਸਮਤ ਦਿਨਾਂ ਨਾਲੋਂ ਪਹਿਆਂ ਦੇ ਚੰਗੇ ਦਿਨਾਂ ਦੀ ਗੱਲ ਕਰਦਾ ਹੈ। ਉਹ ਜੋਰਾਵਰ ਹੋਏ ਹਨੇਰੇ ਨੂੰ ਹਰਾਉਣ ਲਈ ਸੂਰਜ ਨੂੰ ਹੌਸਲਾ ਦੇਣ ਅਤੇ ਹਮਰਾਹੀਆਂ ਨੂੰ ਆਵਾਜ਼ਾਂ ਮਾਰਦਾ ਹੈ।

ਕਲਮ ਦੀ ਉਂਗਲੀ ਫੜ ਕੇ ਉਹ "ਆਪੇ ਦੀ ਤਲਾਸ਼" ਵਿਚ ਨਿਕਲਿਆ ਰਾਹੀ ਹੈ। ਇਹ ਕਾਵਿ ਸੰਗ੍ਰਹਿ "ਮੇਰਾ ਯਕੀਨ ਕਰੀਂ" ਉਸਦਾ ਦਿੱਤਾ ਵਚਨ ਹੈ ਕਿ ਕਲਮ ਦੇ ਜ਼ਖ਼ਮੀ ਹੋਣ ਉਪਰੰਤ ਵੀ ਉਹ ਨਿਰੰਤਰ ਤੁਰਦਾ ਰਹੇਗਾ।

ਸਰਬੱਤ ਦਾ ਭਲਾ ਮੰਗਦੀ ਉਸਦੀ ਇਸ ਪਾਕ-ਪਵਿੱਤਰ ਕਾਮਨਾ ਨੂੰ ਭਰਪੂਰ ਹੁੰਗਾਰਾ ਮਿਲੇਗਾ- ਇਹ ਮੇਰਾ ਵਿਸ਼ਵਾਸ਼ ਹੈ।

**-ਉਜਾਗਰ ਸਿੰਘ ਕੰਵਲ**

## ਆਪਣੇ ਅਜ਼ੀਜ... ਸਹਿਜਪ੍ਰੀਤ ਲਈ

ਕਈ ਵਾਰ ਸਹਿਜਪ੍ਰੀਤ ਮੇਰੇ ਨਾਲ਼ ਗੰਭੀਰ ਗੱਲ ਕਰਨਾ ਚਾਹੁੰਦਾ ਪਰ ਝਿਜਕ ਜਾਂਦਾ, ਗੱਲ ਕਰਨ ਦੀ ਲੋੜ ਨੂੰ ਟਾਲ ਮਟੋਲ ਕਰ ਜਾਂਦਾ। ਇੱਕ ਦਿਨ ਦਿਲ ਕਰੜਾ ਜਿਹਾ ਕਰ ਕੇ ਕਹਿੰਦਾ, "ਮੇਰੀ ਗੱਲ ਦਾ ਮਜ਼ਾਕ ਨਾ ਉਡਾਇਓ, ਮੇਰੀ ਗੱਲ ਧਿਆਨ ਨਾਲ਼ ਸੁਣਿਓ- ਕਵਿਤਾ ਪੜ੍ਹਨ ਦਾ ਬਹੁਤ ਸ਼ੌਕੀਨ ਹਾਂ, ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਪੂਰਨ ਸਿੰਘ ਸ਼ਿਵ ਕੁਮਾਰ ਬਟਾਲਵੀ ਅਤੇ ਸੁਰਜੀਤ ਪਾਤਰ ਸਭ ਪੜ੍ਹੇ ਨੇ, ਪੁਰਾਣਿਆਂ ਵਿਚੋਂ ਵਾਰਿਸ ਸ਼ਾਹ ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਅਤੇ ਸੁਲਤਾਨ ਬਾਹੂ ਵੀ ਰੱਜ ਕੇ ਪੜ੍ਹੇ ਨੇ। ਤੁਹਾਡੇ ਨਾਲ਼ ਜਾ ਕੇ ਕਾਲਜਾਂ ਅਤੇ ਕਵੀ ਦਰਬਾਰਾਂ ਵਿਚ ਬਹੁਤ ਕਵੀ ਸੁਣੇ ਨੇ- ਪਰ ਕਵਿਤਾ ਦਾ ਰੰਗ ਜਿਵੇਂ ਬਦਲ ਗਿਆ ਹੈ, ਰੱਬ ਦੇ ਰੂਪ ਵਰਗੀ ਕਵਿਤਾ ਅਲੋਪ ਜਿਹੀ ਹੋ ਗਈ ਹੈ-

ਏਦਾਂ ਦੀਆਂ ਕਵਿਤਾਵਾਂ ਮੈਂ ਵੀ ਲਿਖ ਸਕਦਾ ਹਾਂ, ਮੈਂ ਲਿਖੀਆਂ ਵੀ ਨੇ।

"ਕਿੰਨੀਆਂ ਕੁ ਲਿਖੀਆਂ ਨੇ" ਮੈਂ ਪੁੱਛਿਆ "ਸੌ ਤੋਂ ਵੱਧ ਹੋਣਗੀਆਂ" ਠਾਹ ਦੇਣੇ ਕਹਿੰਦਾ।

ਮੇਰਾ ਹਾਸਾ ਨਿਕਲ ਗਿਆ "ਤੂੰ ਯਾਰ ਦੱਸਿਆ ਈ ਨੀ" ਫਿਰ ਉਦਾਸ ਜਿਹਾ ਹੋ ਕਹਿੰਦਾ, "ਦੱਸਦਾ ਕੀ ਤੁਸੀਂ ਤਾਂ ਹੁਣ ਵੀ ਹੱਸ ਰਹੇ ਹੋ" ਇਸ ਤਰ੍ਹਾਂ ਮੈਂ ਉਸ ਨੂੰ ਗੁਰਭਜਨ ਗਿੱਲ ਹੁਰਾਂ ਕੋਲ ਭੇਜਿਆ ਜਿਨ੍ਹਾਂ ਨੇ ਰਵਿੰਦਰ ਭੱਠਲ ਅਤੇ ਉਜਾਗਰ ਸਿੰਘ ਕੰਵਲ ਨਾਲ਼ ਰਲ਼ ਕੇ ਸਾਲ 2012 ਵਿਚ ਉਸਦਾ ਪਹਿਲਾ ਕਾਵਿ-ਸੰਗ੍ਰਹਿ "ਤਾਰਿਆਂ ਜੜਿਆ ਅੰਬਰ ਪਾਠਕਾਂ ਤੱਕ ਪਹੁੰਚਾਉਣ ਵਿਚ ਮੁੱਖ ਭੂਮਿਕਾ ਅਦਾ ਕੀਤੀ।

ਅਸਲੀਅਤ ਇਹ ਹੈ ਕਿ ਸਹਿਜ ਮੇਰੇ ਬਹੁਤ ਹੀ ਪਿਆਰੇ ਤੇ ਲੰਗੋਟੀਏ ਮਿੱਤਰ ਦਾ ਪੁੱਤਰ ਹੈ। ਉਮਰ ਵਿਚ ਭਾਵੇਂ ਬਹੁਤ ਛੋਟਾ ਹੈ ਪਰ ਹੈ ਯਾਰਾਂ ਦਾ ਯਾਰ। ਕਿੱਤੇ ਵਜੋਂ ਲੋਕ ਨਿਰਮਾਣ ਵਿਭਾਗ ਵਿਚ ਇੰਜੀਨੀਅਰ ਹੈ ਪਰ ਪਿਛਲੇ 4 ਸਾਲਾਂ ਤੋਂ ਪੰਜਾਬ ਦੇ ਸਿੰਚਾਈ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਦੇ ਵਿਸ਼ੇਸ਼ ਕਾਰਜ ਅਫ਼ਸਰ ਵਜੋਂ ਤੈਨਾਤ ਹੈ। ਕਈ ਕਵੀ ਦਰਬਾਰਾਂ ਵਿਚ ਸੁਣਿਆ ਹੈ। ਬਹੁਤ ਜ਼ਿਆਦਾ ਰੁਝੇਵਿਆਂ ਦੇ ਬਾਵਜੂਦ ਕਵਿਤਾ ਲਈ ਸਮਾਂ ਕੱਢਦਾ ਹੈ। ਇਕ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਲੋਕ ਹੁਣ ਸਹਿਜ ਨੂੰ ਕਵੀ ਮੰਨਣ ਲੱਗ ਪਏ ਹਨ ਭਾਵ



ਇਹ ਸੋਹਣਾ ਸੁਨੱਖਾ ਜੁਆਨ ਹੁਣ ਵਿਗੜ ਗਿਆ ਹੈ ਅਤੇ ਮੇਰੇ ਵਿਚ ਵੀ ਇਸ ਨੂੰ ਇਸ ਕੰਮ ਤੋਂ ਵਰਜਣ ਦੀ ਹਿੰਮਤ ਨਹੀਂ ਰਹੀ।

ਹੁਣ ਉਹ ਆਪਣਾ ਦੂਜਾ ਕਾਵਿ ਸੰਗ੍ਰਹਿ "ਮੇਰਾ ਯਕੀਨ ਕਰੀਂ" ਲੈ ਕੇ ਪਾਠਕਾਂ ਵਿਚ ਆਇਆ ਹੈ। ਮੈਂ ਸਾਰੀਆਂ ਕਵਿਤਾਵਾਂ ਕਈ ਵਾਰ ਪੜ੍ਹੀਆਂ ਹਨ। ਬਿਨਾਂ ਕਿਸੇ ਕਾਵਿ-ਕਲਾਬਾਜ਼ੀਆਂ ਤੋਂ ਉਹ ਸਹਿਜ ਅਤੇ ਸਾਧਾਰਨ ਢੰਗ ਨਾਲ਼ ਆਪਣੀ ਗੱਲ ਕਹਿੰਦਾ ਹੋਇਆ ਇਕ ਰਫ਼ਤਾਰ ਵਿਚ ਤੁਰਿਆ ਜਾਂਦਾ ਹੈ। ਉਸਦੀ ਕਵਿਤਾ ਦਾ ਸੋਮਾ ਉਸ ਦੀ ਸੰਵੇਦਨਸ਼ੀਲਤਾ ਹੈ।

ਨਿਰਸੰਦੇਹ ਇਹ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਵਿੱਚ ਇੱਕ ਨਿੱਗਰ ਤੇ ਗੁਣਾਤਮਕ ਵਾਧਾ ਹੈ ਤੇ ਮੈਨੂੰ ਪੂਰਨ ਯਕੀਨ ਹੈ ਕਿ ਸਹਿਜਪ੍ਰੀਤ ਦਾ ਇਹ ਖ਼ੂਬਸੂਰਤ ਕਾਵਿ-ਸੰਗ੍ਰਹਿ 'ਮੇਰਾ ਯਕੀਨ ਕਰੀਂ" ਪੰਜਾਬੀ ਕਾਵਿ-ਜਗਤ ਵਿੱਚ ਆਪਣਾ ਇੱਕ ਵੱਖਰਾ ਤੇ ਨਿਵੇਕਲਾ ਸਥਾਨ ਬਣਾਵੇਗਾ। ਬਹੁਤ-ਬਹੁਤ ਮੁਬਾਰਕ।

**ਡਾ. ਦੀਪਕ ਮਨਮੋਹਨ ਸਿੰਘ**

# ਪੌਣ

ਸੁਬ੍ਹਾ ਸਵੇਰੇ ਖੜਕਿਆ ਬੂਹਾ
ਘਰ ਦਾ ਮਾਲਕ ਬੋਲਿਆ ਅੰਦਰੋਂ
ਕੌਣ ?
ਬਾਹਰੋਂ ਆਈ ਆਵਾਜ਼
ਮੈਂ ਪੌਣ

ਘਰ ਦਾ ਮਾਲਕ ਹੱਸਿਆ
ਤਨਜ਼ ਭਰੇ ਬੋਲਾਂ ਵਿਚ ਕਹਿੰਦਾ
ਸੁਬ੍ਹਾ ਸਵੇਰੇ ਆ ਕੇ ਐਵੇਂ
ਠਿੱਠ ਨਾ ਕਰਿਆ ਕਰ ਤੂੰ
ਤੇਰੇ ਭਾਣੇ ਵਿਹਲਾ ਹਾਂ ਮੈਂ
ਉੱਠ ਕੇ ਤੈਨੂੰ ਬੂਹਾ ਖੋਲ੍ਹਾਂ
ਇੱਥੋਂ ਤੁਰ ਜਾ
ਪੈ ਜਾ ਆਪਣੇ ਰਾਹ ਤੂੰ
ਹੋਰ ਕਿਸੇ ਦਾ ਜਾ ਕੇ ਦਰ ਖੜਕਾ ਤੂੰ

ਦੇਖੋ ਲੋਕੋ ਕਿੱਡਾ ਕਲਯੁਗ
ਕਿੱਡੇ ਨੇ ਨਾ-ਸ਼ੁਕਰੇ ਲੋਕੀਂ
ਸੁਬ੍ਹਾ ਸਵੇਰੇ ਠੰਡੀ ਤਾਜ਼ੀ ਪੌਣ ਦਰਾਂ 'ਤੇ
ਨੱਚਦੀ ਨੱਚਦੀ ਆਉਂਦੀ
ਉਸ ਨੂੰ ਹੀ ਨਾ ਬੂਹਾ ਖੋਲ੍ਹਣ
ਗੱਲ ਸਮਝ ਨਾ ਆਉਂਦੀ



ਪੌਣ ਨਿਰਾਸ਼ਾ ਦੇ ਆਲਮ ਵਿਚ
ਚੁੱਪ ਚੁਪੀਤੇ ਮੁੜ ਜਾਂਦੀ ਹੈ
ਜੰਗਲ ਦੇ ਵੱਲ ਤੁਰ ਜਾਂਦੀ ਹੈ
ਜਿੱਥੇ ਬਿਰਖ਼ ਤੇ ਪੰਛੀ ਭੱਜ ਕੇ
ਉਸ ਦਾ ਖ਼ੂਬ ਸਵਾਗਤ ਕਰਦੇ
ਚਾਵਾਂ ਨਾਲ਼ ਕਲਾਵੇ ਭਰਦੇ
ਬਿਰਖ ਝੂੰਮਦੇ ਪੰਛੀ ਨੱਚਦੇ
ਪੌਣ ਨੂੰ ਵੀ ਫਿਰ ਚਾਅ ਚੜ੍ਹ ਜਾਂਦਾ
ਸਾਰਾ ਜੰਗਲ ਝੂੰਮਣ ਲੱਗਦਾ
ਵਕਤ ਜਿਵੇਂ ਓਥੇ ਖੜ੍ਹ ਜਾਂਦਾ

ਪਰ ਬੰਦੇ ਦੀ ਹਾਲਤ ਦੇਖੋ
ਪੌਣ ਨੂੰ ਜ਼ਾਲਮ ਦਰੋਂ ਮੋੜਦਾ
ਸਾਰਾ ਦਿਨ ਧੂੰਏਂ ਵਿਚ ਹੜ੍ਹਦਾ
ਰਿਸ਼ਤਾ ਧੰਦਿਆਂ ਨਾਲ਼ ਜੋੜਦਾ
ਤਾਂ ਹੀ ਤਾਂ ਉਹ ਘੁੱਟ ਘੁੱਟ ਮਰਦਾ
ਇਕੋ ਦਿਨ ਵਿਚ ਕਿੰਨੇ ਵਾਰੀ
ਉੱਠਦਾ ਬਹਿੰਦਾ ਸੂਲੀ ਚੜ੍ਹਦਾ
♦

# ਮੇਰੀ ਅਨਪੜ੍ਹ ਦਾਦੀ

ਅਨਪੜ੍ਹ ਸੀ...
ਦਾਦੀ ਮੇਰੀ
ਕੋਰੀ ਅਨਪੜ੍ਹ
ਪਰ...
ਸੁੱਚੀਆਂ ਮੁਹੱਬਤਾਂ
ਤੇ ਪਵਿੱਤਰ ਰਿਸ਼ਤਿਆਂ ਦਾ
ਸਿਲੇਬਸ ਯਾਦ ਸੀ ਉਸਨੂੰ
ਮੂੰਹ-ਜ਼ੁਬਾਨੀ
ਮੁਹੱਬਤ ਕਰਦੀ ਤਾਂ ਟੁੱਟ ਕੇ
ਉਸਨੂੰ ਮੁਹੱਬਤਾਂ
ਪਾਉਣੀਆਂ ਵੀ ਆਉਂਦੀਆਂ ਸਨ
ਤੇ
ਨਿਭਾਉਣੀਆਂ ਵੀ
ਰਿਸ਼ਤੇ ਬਨਾਉਣੇ ਵੀ ਆਉਂਦੇ ਸਨ
ਤੇ
ਗੰਢਣੇ ਵੀ

ਅਨਪੜ੍ਹ
ਤੇ
ਕੋਰੀ ਅਨਪੜ੍ਹ ਦਾਦੀ ਦਾ
ਉਹ ਦੌਰ
ਪਤਾ ਨਹੀਂ ਕਿੱਧਰ ਗੁਆਚ ਗਿਆ
ਜਦੋਂ ਰਿਸ਼ਤੇ ਹੱਸਦੇ ਸਨ
ਮੁਹੱਬਤਾਂ ਝੂੰਮਦੀਆਂ ਸਨ



ਤੇ ਹੁਣ ਮੈਂ
ਪੜ੍ਹਿਆ ਲਿਖਿਆਂ ਦੇ
ਇਸ ਦੌਰ ਵਿਚ ਰਿਸ਼ਤਿਆਂ ਦੀ
ਹੂਕ ਸੁਣਦਾ ਹਾਂ
ਮੁਹੱਬਤਾਂ ਦੀ ਕੂਕ ਸੁਣਦਾ ਹਾਂ
ਸਿਸਕ ਰਹੇ ਨੇ ਰਿਸ਼ਤੇ
ਵਿਲਕ ਰਹੀਆਂ ਨੇ ਮੁਹੱਬਤਾਂ
ਕਿੱਡੇ ਖ਼ੂਬਸੂਰਤ ਸਨ ਉਹ ਲੋਕ
ਜੋ ਮੁਹੱਬਤਾਂ ਨੂੰ ਸਾਂਭਦੇ
ਰਿਸ਼ਤਿਆਂ ਨੂੰ ਗੰਢ ਕੇ
ਗੁਜ਼ਾਰ ਦਿੰਦੇ ਸੀ
ਆਪਣੀ ਪੂਰੀ ਹਯਾਤੀ
ਚੰਗਾ ਹੈ
ਬਹੁਤ ਚੰਗਾ ਹੈ
ਅਨਪੜ੍ਹ ਦਾਦੀ ਪਰਲੋਕ ਵਿਚ ਹੈ
ਨਹੀਂ ਤਾਂ
ਇਸ ਦੌਰ ਵਿਚ
ਉਸ ਨੇ ਵੀ
ਰਿਸ਼ਤਿਆਂ ਵਾਂਗ ਸਿਸਕਣਾ ਸੀ
ਮੁਹੱਬਤਾਂ ਵਾਂਗ ਵਿਲਕਣਾ ਸੀ
ਅਨਪੜ੍ਹ ਸੀ
ਦਾਦੀ ਮੇਰੀ
ਕੋਰੀ ਅਨਪੜ੍ਹ
♦

## ਅਰਜ਼ੋਈ

**(ਜੱਗ-ਜਨਨੀ ਦੇ ਨਾਮ)**

ਉਹ-
ਭਾਗਾਂ ਭਰਿਆ ਦਿਨ
ਮਾਂ ਨੇ ਮੈਨੂੰ ਜਨਮ ਦਿੱਤਾ

ਚਾਵਾਂ ਨਾਲ-
ਦਾਦੀ ਨੇ ਦਿੱਤੀ ਗੁੜਤੀ

ਕਿੱਡਾ ਖੁਸ਼ਨਸੀਬ ਹਾਂ ਮੈਂ
ਦਾਦੀ ਦਾ ਪਿਆਰ
ਦਾਦੀ ਦੀਆਂ ਲੋਰੀਆਂ
ਗੰਨੇ ਦੀਆਂ ਪੋਰੀਆਂ
ਰਹੀਆਂ ਮੇਰੇ ਅੰਗ-ਸੰਗ

ਉਹ-
ਪੋਹ ਮਾਘ ਦੇ ਦਿਨ
ਅਜੇ ਵੀ ਬੈਠੇ ਨੇ ਸਿਮਰਤੀਆਂ ਵਿਚ
ਚੁੱਲ੍ਹੇ ਮੂਹਰੇ-
ਦਾਦੀ ਦੀ ਗੋਦ ਵਿਚ ਬੈਠ ਕੇ

ਸਵਾਹ ਵਿੱਚੋਂ-
ਮੂੰਗਫ਼ਲੀ ਦੀਆਂ ਗਿਰੀਆਂ ਚੁਗਣੀਆਂ
ਚੁੱਲ੍ਹੇ 'ਚੋਂ ਉੱਠਦਾ ਧੂੰਆਂ ਵੀ ਲੱਗਦਾ ਸੀ
ਦਾਦੀ ਦੇ ਪਿਆਰ ਜਿਹਾ



ਬਚਪਨ ਦੀ ਬਾਦਸ਼ਾਹਤ ਨੂੰ
ਕੋਈ ਕਿਵੇਂ ਭੁੱਲੇ
ਮਾਂ ਮੇਰੀ ਨੇ
ਰੱਖਿਆ ਨਾਂਅ
'ਸਹਿਜਪ੍ਰੀਤ'

ਦਾਦੀ ਤਾਂ ਲਾਡ ਲਡਾ
ਤੁਰ ਗਈ ਅਗਲੇ ਦੇਸ਼
ਉਹ ਦੇਸ਼
ਜਿਥੋਂ ਨਹੀਂ ਪਰਤਦਾ ਕੋਈ ਦੁਬਾਰਾ

ਮਾਂ ਮੇਰੀ ਨੇ
ਜੋ ਕੀਤਾ ਮੇਰੇ ਲਈ
ਕੀ ਨਹੀਂ ਕੀਤਾ ਮੇਰੇ ਲਈ

ਕਿੰਞ ਦੱਸਾਂ-
ਬਿਆਨ ਨਹੀਂ ਕੀਤਾ ਜਾ ਸਕਦਾ ਉਹ ਸਭ

ਮਾਂ ਖ਼ੁਦ ਔਖੀ ਹੁੰਦੀ ਰਹੀ
ਤਕਲੀਫ਼ਾਂ ਝਲਦੀ ਰਹੀ
ਮੈਨੂੰ ਰੱਖਿਆ-
ਉਹਨੇ ਪਰ ਰਾਜਿਆਂ ਵਾਂਗ

ਜੱਗ ਜਹਾਨ ਦੀ
ਇਕ ਵੀ ਖ਼ੁਸ਼ੀ ਨਹੀਂ ਰਹੀ
ਮੇਰੇ ਤੋਂ ਵਾਂਝੀ

ਮਾਂ ਮੇਰੀ ਨੇ
ਮੈਨੂੰ ਸੁੱਚੇ ਸ਼ਬਦ ਦਿੱਤੇ

ਸੰਸਕਾਰ ਦਿੱਤੇ
ਦੱਸਿਆ ਰਹੱਸ
ਸ਼ੋਭਾ ਕਮਾਉਣ ਦਾ

ਦਸ ਗੁਰਾਂ ਦੀ ਜੋਤ ਦੁਆਲੇ
ਲੈ ਕੇ ਲਾਵਾਂ
ਮਿਲਿਆ ਇਕ ਐਸਾ ਹਮਸਫ਼ਰ
ਜਿਸਦੇ ਸਾਥ ਨਾਲ
ਜ਼ਿੰਦਗੀ ਦੇ ਰੰਗ
ਹੋ ਗਏ ਹੋਰ ਵੀ ਗੂੜ੍ਹੇ

ਹਾਲੇ ਵੀ ਸੋਚਦਾਂ
ਕਿੱਡਾ ਖੁਸ਼ਕਿਸਮਤ ਹਾਂ ਮੈਂ
ਕਿੰਨ੍ਹਾ ਭਾਗਾਂ ਵਾਲਾ ਹਾਂ
ਕਿ ਕਿਸਮਤ ਨੇ ਦਿੱਤਾ
ਇਕ ਅਜਿਹਾ
ਖ਼ੂਬਸੂਰਤ ਸਾਥੀ

ਜਿਸਦੇ ਘਰ ਪੈਰ ਪਾਉਂਦਿਆਂ ਹੀ
ਜਾਣੋ ਆ ਗਈ ਪਤਝੜ ਵਿਚ ਵੀ ਬਹਾਰ
ਤੇ- ਫਿਰ ਉਹ ਚੜ੍ਹਿਆ
ਭਾਗਾਂ ਭਰਿਆ ਦਿਨ
ਮੇਰੇ ਆਂਗਨ ਵਿਚ



ਵੱਜੀਆਂ ਮੇਰੀ ਧੀ ਦੀਆਂ ਕਿਲਕਾਰੀਆਂ

"ਸੋਈ ਨਾਰ ਸੁਲੱਖਣੀ
ਜਿਨ ਪਹਿਲਾਂ ਜਾਈ ਲਖਮੀ"

ਧੀ ਮੇਰੀ
ਘਰ ਦੀ ਜਾਨ
ਵਿਹੜੇ ਦੀ ਸ਼ਾਨ
ਕਿੰਨ੍ਹਾ ਕਰਦੀ ਮੈਨੂੰ ਪਿਆਰ

ਦੁੱਖ ਘਟਾਵੇ
ਪਲ ਪਲ ਫਿਰਦੀ
ਖੁਸ਼ੀ ਵੰਡਾਵੇ

ਤੇ ਤੁਸੀਂ...
ਤੇ ਤੁਸੀਂ ਲੋਕ ਜਿਹੜੇ

ਵਿਉਂਤਾਂ ਰਹੇ ਹੋ ਬਣਾ
ਕੁੱਖਾਂ ਨੂੰ ਉਜਾੜਨ ਦੀਆਂ
ਧੀਆਂ ਨੂੰ
ਕੁੱਖਾਂ ਵਿਚ ਹੀ ਮਾਰ ਮੁਕਾਵਣ ਦੀਆਂ

ਇੰਜ ਕਰਕੇ
ਖਤਮ ਕਰ ਲਵੋਗੇ ਤੁਸੀਂ
ਖੁਸ਼ੀਆਂ ਤੇ ਖੇੜੇ
ਕਿਸਨੂੰ ਲਾਡਾਂ ਨਾਲ਼ ਕਹੋਗੇ

ਆ ਮੇਰੀ ਚਿੜੀ

ਪਹਿਲਾਂ ਤਾਂ–
ਹੋਵੋਗੇ ਇਕ ਹੀ ਖੁਸ਼ੀ ਤੋਂ ਵਾਂਝੇ
ਤੇ– ਫਿਰ ਹੌਲੀ ਹੌਲੀ
ਮੁੱਕ ਜਾਵੇਗੀ ਜਨਨੀ
ਨਹੀਂ ਰਹੇਗਾ ਕੁਝ ਵੀ
ਹੋ ਜਾਵੇਗੀ ਧਰਤ ਸੁੰਨੀ

ਇੰਝ ਨਾ ਕਰੋ
ਰੱਬ ਦੇ ਬੰਦਿਓ
ਭੋਰਾ ਤਰਸ ਕਰੋ

ਆਉਣ ਦੇਈਏ
ਦੁਨੀਆਂ ’ਤੇ
ਇਹ ਮਹਿਕਾਂ ਭਰੀਆਂ ਕਲੀਆਂ

ਤਾਂ ਜੋ–
ਕਾਇਮ ਰਹੇ ਧਰਤੀ ਮਾਂ ਦੀ ਮਰਿਆਦਾ
ਤੇ ਗਾ ਸਕੀਏ
ਪੀੜ੍ਹੀ ਦਰ ਪੀੜ੍ਹੀ
ਖ਼ੂਬਸੂਰਤ ਜ਼ਿੰਦਗੀ ਦੇ
ਸੁਰੀਲੇ ਗੀਤ
♦



## ਵਜ੍ਹਾ

ਕਵੀ ਵਾਰ
ਤੁਹਾਡੇ ਸਾਹ ਹੀ
ਤੁਹਾਡੇ ਜਿਉਂਦੇ ਰਹਿਣ ਦੀ
ਪੁੱਛਦੇ ਨੇ ਵਜ੍ਹਾ

ਪੁੱਛਦੇ ਨੇ–
ਇਸ ਜਿਉਂਦੀ ਲੋਥ ਵਿਚ
ਕੀ ਕਰ ਰਹੇ ਹਾਂ ਅਸੀਂ
ਬਹੁਤ ਉਦਾਸ ਹੁੰਦੇ ਨੇ–

ਪਰ ਅਗਲੇ ਹੀ ਪਲ
ਮਿਲ ਜਾਂਦੀ ਹੈ
ਜਿਉਣ ਦੀ ਕੋਈ ਨਾ ਕੋਈ ਵਜ੍ਹਾ

ਸਾਹ ਹੋ ਜਾਂਦੇ ਨੇ ਸੁਖਾਲੇ
ਮਿਲ ਜਾਂਦੀ ਹੈ ਜ਼ਿੰਦਗੀ ਨੂੰ ਵਜ੍ਹਾ
ਖ਼ੂਬਸੂਰਤੀ ਨਾਲ਼ ਜਿਉਣ ਲਈ
ਜਦੋਂ ਖ਼ਤਮ ਹੁੰਦੀ ਹੈ ਉਹ ਵਜ੍ਹਾ
ਮਿਲ ਜਾਂਦੀ ਹੈ– ਕੋਈ ਨਾ ਕੋਈ ਹੋਰ
ਇਸੇ ਤਰ੍ਹਾਂ ਵਜ੍ਹਾ ਦਰ ਵਜ੍ਹਾ
ਚਲਦੇ ਰਹਿੰਦੇ ਨੇ ਸਾਹ
ਤੇ– ਜ਼ਿੰਦਗੀ ਤੁਰਦੀ ਰਹਿੰਦੀ ਹੈ
ਆਪਣੇ–
ਅੰਤਿਮ ਪੜਾਅ ਵੱਲ
♦

## ਤਾਇਆ ਕਿਸ਼ਨਾ

ਤਾਇਆ ਕਿਸ਼ਨਾ ਮੇਰੇ ਪਿੰਡ ਤੋਂ
ਰੋਜ਼ ਸਵੇਰੇ ਗੁਰਦੁਆਰੇ ਜਾਂਦਾ ਏ
ਰਾਹ ਵਿਚ
ਲੋਕਾਂ ਦਾ ਹਾਲ ਪੁੱਛਦਾ
ਸਭ ਦੀ ਖ਼ਬਰ-ਸਾਰ ਲੈਂਦਾ
ਕੌਣ ਕੀਹਦੇ ਨਾਲ਼ ਨਿਕਲਿਆ
ਕਿਸਦੀ ਏ ਤਿਆਰੀ
ਗੱਲ ਪੁੱਛਦਾ ਸਾਰੀ
ਚੁਗ਼ਲੀਆਂ ਕਰਦਾ
ਕੁਝ ਕੁ ਲੋਕਾਂ ਨੂੰ ਕੋਸਦਾ
ਰੱਜ ਰੱਜ ਭੰਡਦਾ
ਕਦੇ ਕਦੇ
ਮਾਲਾ ਵੀ ਫੇਰਦਾ
ਰੱਬ ਦਾ ਨਾਂ ਵੀ ਲੈਂਦਾ
ਦੂਜੇ ਪਲ ਫਿਰ ਉਹੀ ਗੱਲਾਂ
ਪਹੁੰਚਦਾ ਏ ਗੁਰਦੁਆਰੇ
ਟੇਕਦਾ ਮੱਥਾ
ਮੰਗਦਾ ਏ ਸਰਬਤ ਦਾ ਭਲਾ ਵੀ
ਵਾਪਸ ਮੁੜਦਿਆਂ
ਮਿਲਦਾ ਏ ਭਾਵੇਂ ਲੋਕਾਂ ਨੂੰ ਓਵੇਂ ਹੀ
ਪਰ...
ਤਾਇਆ ਕਿਸ਼ਨਾ ਮੇਰੇ ਪਿੰਡ ਤੋਂ
ਰੋਜ਼ ਸਵੇਰੇ ਗੁਰਦੁਆਰੇ ਜਾਂਦਾ ਏ
ਬਿਨਾਂ ਨਾਗਾ
ਰੋਜ਼ ਸਵੇਰੇ ਗੁਰਦੁਆਰੇ ਜਾਂਦਾ ਏ
♦



## ਕਿੰਨੇ ਬਦਲ ਗਏ ਹਾਂ

ਗੱਡਿਆਂ ਤੋਂ ਕਾਰਾਂ ਤਕ
ਝੁੱਗੀਆਂ ਤੋਂ ਮਿਨਾਰਾਂ ਤਕ
ਗੁਲੇਲ ਤੋਂ ਮਿਜ਼ਾਇਲ ਰਾਕਟ
ਕਵਚ ਤੋਂ ਬੁਲਟ ਪਰੂਫ਼ ਜਾਕਟ
ਕਬੂਤਰਾਂ ਤੋਂ ਈ-ਮੇਲ
ਘੋੜੇ ਊਠਾਂ ਤੋਂ ਰੇਲ
ਇਨਸਾਨ ਤੋਂ ਹੈਵਾਨ
ਸਾਊ ਤੋਂ ਸ਼ੈਤਾਨ
ਨਿਮਾਣੇ ਤੋਂ ਮਾਣੇ
ਆਪਣੇ ਘਰ ਨੂੰ ਸਿਆਣੇ
ਕੀ ਕੁਝ ਹੋ ਗਏ ਹਾਂ
ਕਿੰਨੇ ਬਦਲ ਗਏ ਹਾਂ
ਇਹ ਕਲ੍ਹ ਤੋਂ ਅੱਜ ਤਕ ਦਾ
ਸਫ਼ਰ ਕਰਦੇ-ਕਰਦੇ
♦

## ਮੈਂ ਆਵਾਂਗਾ

ਸਾਇਬੇਰੀਆ ਤੋਂ ਉੱਡ
ਆਉਂਦੇ ਨੇ ਪੰਛੀ
ਹਰੀਕੇ ਵੈਟਲੈਂਡ
ਨਾ ਵੀਜ਼ਾ ਨਾ ਸਕਿਉਰਟੀ ਚੈੱਕ
ਕੋਈ ਬੰਦਿਸ਼ ਨਹੀਂ
ਸਰਹੱਦ ਦੀ
ਕੰਡਿਆਲੀ ਤਾਰ ਦੀ
ਪਰ ਮੈਂ
ਵੀਜ਼ੇ ਦੀਆਂ ਲੰਮੀਆਂ ਉਲਝਣਾਂ
ਦਿੱਲੀ ਦੇ ਧੱਕੇ
ਵੀਜ਼ਾ ਲਵਾ
ਪਹੁੰਚਦਾ ਹਾਂ ਲਾਹੌਰ
ਲਾਹੌਰ ਪਹੁੰਚ ਕੇ ਵੀ
ਨਾ ਕਰ ਸਕਿਆ ਦਰਸ਼ਨ
ਆਪਣੇ ਬਾਬਾ ਨਾਨਕ ਦੀ
ਜਨਮ ਭੂਮੀ ਦੇ
ਬੇ-ਭਾਗਾ ਮੈਂ
ਨਨਕਾਣੇ ਦਾ ਵੀਜ਼ਾ ਨਹੀਂ
ਕੋਝੀ ਚਾਲ ਨਿਜ਼ਾਮ ਦੀ
ਮੇਰੇ ਨਾਨਕ ਦੀ ਜਨਮ ਅਸਥਾਨ
ਅਲੱਗ ਵੀਜ਼ਾ ਲਵੋ
ਸੁਣੋ...
ਰੋਕ ਸਕੋ ਤਾਂ ਰੋਕੋ
ਉੱਡਦੇ ਪੰਛੀਆਂ ਨੂੰ



ਤੁਹਾਡੇ ਇੱਥੇ ਜਦੋਂ
ਪਾਉਂਦਾ ਗਲਵੱਕੜੀ
ਰਾਵੀ ਨੂੰ ਝਨਾਂ
ਰੋਕ ਸਕੋ ਤਾਂ ਰੋਕੋ ਫੇਰ
ਗਲਵੱਕੜੀ ਪਾਉਂਦੇ ਪਾਣੀਆਂ ਨੂੰ
ਪਰ ਮੇਰੇ ਨਾਨਕ
ਮੈਂ ਆਵਾਂਗਾ
ਮੈਂ ਆਵਾਂਗਾ ਨਨਕਾਣੇ
ਖੰਭ ਲਗਾ ਪੰਛੀਆਂ ਵਾਂਗ
ਸਤਲੁਜ ਵਾਂਗ, ਝਨਾਂ ਵਾਂਗ
ਨਾ ਰੋਕ ਸਕੇਗਾ
ਓਦੋਂ ਮੈਨੂੰ ਇਹ
ਬੇ-ਲਗਾਮ ਨਿਜ਼ਾਮ।
♦

## ਮੈਂ ਅਕਸਰ ਸੋਚਦਾ ਹਾਂ

ਦੁਸਹਿਰਾ! ਵਾਹ!
ਇੱਕ ਵੱਡੀ ਕੌਮ
ਉਸ ਕੌਮ ਦਾ ਤਿਉਹਾਰ
ਦੁਸਹਿਰਾ!
ਮੈਂ ਵੀ ਗਿਆ
ਦੁਸਹਿਰਾ ਦੇਖਣ
ਦੇਖਣ ਸੜਦੇ ਰਾਵਣ ਨੂੰ
ਬੜਾ ਸੋਹਣਾ ਪੁਤਲਾ
ਰਾਵਣ ਦੀਆਂ ਪਾ ਅੱਖਾਂ ਵਿਚ ਅੱਖਾਂ
ਦੇਖਦਾਂ ਜਦ ਓਹਦੇ ਵੱਲ
ਰਾਵਣ ਮੈਥੋਂ ਪੁਛਦਾ ਹੈ
ਸਿਰੇ ਦੀ ਭਗਤੀ
ਸਿਰੇ ਦੀ ਸ਼ਕਤੀ
ਪੂਜਾ ਪਾਠ
ਪੂਰਾ ਧਰਮੀ
ਭੈਣ ਦਾ ਅਪਮਾਨ
ਬਦਲਾ ਪਰ ਪਵਿੱਤਰਤਾ ਕਾਇਮ
ਪਰ ਤੁਸੀਂ...
ਕੋਈ ਇਕ ਵੀ ਹੈ ਮੇਰੇ ਵਰਗਾ
ਥਾਂ-ਥਾਂ ਬਲਾਤਕਾਰ
ਹੈਵਾਨੀਅਤ ਦਾ ਨੰਗਾ ਨਾਚ
ਮਾਨਵਤਾ ਸ਼ਰਮਿੰਦਾ
ਮੇਰੇ ਅੰਦਰ ਵੀ ਜਾਗਿਆ
ਹਿੰਦੋਸਤਾਨ ਦਾ ਹੇਜ਼



ਨਹੀਂ ਨਹੀਂ ਤੂੰ ਗ਼ਲਤ ਹੈਂ
ਸੀਤਾ ਸਾਡੀ ਮਈਆ ਸੀ
ਠੀਕ ਹੋ ਰਿਹਾ ਹੈ
ਏਦਾਂ ਹੀ ਚਾਹੀਦਾ ਸੀ ਹੋਣਾ
ਹਸ਼ਰ ਤੇਰਾ
ਹਰ ਸਾਲ ਸੜੇਗਾਂ ਤੂੰ
ਘਰ ਆਉਂਦਾ ਹਾਂ
ਬਹੁਤ ਖ਼ੁਸ਼
ਬਦੀ 'ਤੇ ਨੇਕੀ ਦੀ ਜਿੱਤ
ਟੀ.ਵੀ. ਉਪਰ ਖ਼ਬਰਾਂ
ਦਿੱਲੀ ਕਤਲੇਆਮ
ਗਲ਼ਾਂ ਵਿਚ ਟਾਇਰ ਪਾ
ਸਾੜੇ ਮਾਸੂਮ
ਪੈਰਾਂ ਹੇਠ ਕੁਚਲੀ ਮਾਨਵਤਾ
ਗੁੰਡਾਗਰਦੀ ਦਾ ਨੰਗਾ ਨਾਚ
ਪਰ...
ਸਬੂਤਾਂ ਦੀ ਘਾਟ
ਦੋਸ਼ੀ ਬਰੀ
ਕਦੋਂ ਹੋਵੇਗਾ
ਇਨ੍ਹਾਂ ਕਲਜੁਗੀਆਂ ਦਾ ਅੰਤ
ਮੈਂ ਅਕਸਰ ਸੋਚਦਾ ਹਾਂ
♦

## ਫਾਈਲ

ਸਿਵਲ ਸਕੱਤਰੇਤ ਵਿਚ
ਆਪਣੀ ਫ਼ਾਈਲ
ਇਕ ਬਰਾਂਚ ਤੋਂ ਦੂਜੀ ਵੱਲ ਲਿਜਾਂਦਿਆਂ
ਓਹ ਸੋਚ ਰਿਹਾ ਸੀ
ਫਾਈਲ ਦਾ ਭਾਰ ਕਿਵੇਂ ਵਧਿਆ
ਲੱਗੇ ਇਤਰਾਜ਼ਾਂ ਕਾਰਨ
ਜਾਂ ਫਿਰ ਇਸ ਉੱਪਰ ਪਈ
ਧੂੜ ਕਾਰਨ
♦



## ਸੇਧ

ਤੁਸੀਂ ਸ਼ਾਇਦ ਭੁੱਲ ਗਏ ਹੋ
ਪਰ ਮੈਨੂੰ ਯਾਦ ਏ
ਮੇਰੇ ਪਿੰਡ ਜਦੋਂ
ਟਿਕੀ ਰਾਤ
ਬੁੱਲੇਟ ਮੋਟਰ ਸਾਈਕਲ
ਦੁਗ ਦੁਗ ਕਰਦਾ
ਮਾਵਾਂ ਬੱਚਿਆਂ ਨੂੰ
ਹਿੱਕ ਨਾਲ਼ ਲਾ
ਹੰਝੂ ਕੇਰਦੀਆਂ
ਮੂਲ ਮੰਤਰ ਦਾ ਪਾਠ
ਖੌਰੇ ਕੀ ਹੋਵੇਗਾ
ਉਹ ਬੁੱਲੇਟ ਵਾਲੇ ਆਪਣੇ ਹੀ ਸਨ
ਆਪਣਿਆਂ ਤੋਂ ਫਿਰ ਡਰ ਸੀ ਕਿਉਂ
ਜੇ ਆਪਣੇ ਹੁੰਦੇ ਫਿਰ ਡਰ ਕੇਹਾ
ਬਹੁਤ ਦਹਿਸ਼ਤ ਬਹੁਤ ਦਰਦ
ਪਿੰਡੇ ਹੰਢਾਇਆ
ਕੁਝ ਲੋਕ ਦੋਖੀ ਤਾਕਤਾਂ
ਓਹੀ ਕਾਲੇ ਦਿਨ ਲਿਆਉਣ ਦੀ ਤਾਕ
ਭੁਲ ਗਏ ਨੇ ਉਹ
ਗ਼ਲਤ ਫਹਿਮੀ ਕਿ
ਵਰਗ਼ਲਾਉਣਗੇ ਭੋਲੇ ਭਾਲਿਆਂ ਨੂੰ
ਭੁੱਲ ਗਏ ਨੇ ਉਹ
ਹੁਣ ਅਸੀਂ ਪਹਿਲਾਂ ਵਾਲੇ ਨੀ ਰਹੇ
ਨਹੀਂ ਆਵਾਂਗੇ ਹੁਣ
ਲੂੰਬੜ ਚਾਲਾਂ ਵਿਚ
ਅਸੀਂ ਹੁਣ ਦਸਾਂ ਗੁਰਾਂ ਦੀ
ਜਗਦੀ ਜੋਤ ਤੋਂ
ਲੈ ਲਈ ਹੈ ਸੇਧ
♦

## ਯੂਜ਼ ਐਂਡ ਥਰੋ

ਬਾਹਰਲੇ ਮੁਲਕੋਂ ਆਏ
ਸੱਜਣ ਨਾਲ਼ ਬਹਿਸ
ਉਨ੍ਹਾਂ ਦਾ ਮੁਲਕ ਤਰੱਕੀ 'ਤੇ
ਦੱਸਿਆ ਉਸ ਨੇ
ਬਹੁਤ ਅੱਗੇ ਵਧ ਗਏ ਨੇ ਉਹ
ਕਹਿੰਦਾ ਹੁਣ ਤਾਂ
ਉਨ੍ਹਾਂ ਦੇ ਮੁਲਕ ਵਿਚ
ਲੱਗ-ਭੱਗ ਸਾਰੀਆਂ ਚੀਜ਼ਾਂ
ਵਰਤੋਂ ਤੇ ਸੁੱਟ ਦਿਓ
ਲਓ ਕੀ ਗੱਲ ਆਖੀ ਤੁਸਾਂ
ਤੁਹਾਡੇ ਓਥੇ ਤਾਂ
ਚੀਜ਼ਾਂ ਹਨ ਜੋ ਵਰਤ ਕੇ ਸੁੱਟਦੇ ਹੋ
ਸਾਡਾ ਮੁਲਕ ਤੁਹਾਥੋਂ ਕਿਤੇ ਉੱਤੇ
ਸਾਡੇ ਇਥੇ ਤਾਂ
ਬੰਦਾ ਬੰਦੇ ਨੂੰ ਵਰਤਦਾ ਏ
ਸੁੱਟ ਦਿੰਦਾ ਏ
ਵੋਟਾਂ ਵੇਲੇ ਨੇਤਾ
ਵੋਟਰ ਨੂੰ ਵਰਤਦਾ ਏ
ਫਿਰ ਪੰਜ ਸਾਲ ਖੂੰਜੇ ਸੁੱਟੀ ਰਖਦਾ ਏ
ਜਦੋਂ ਕਿਸੇ ਦਾ ਹੱਲ ਹੋ ਜਾਂਦਾ ਏ ਮਤਲਬ
ਹੋ ਜਾਂਦੀ ਏ ਗ਼ਰਜ਼ ਪੂਰੀ
ਬੱਸ ਫੇਰ ਸੁੱਟ ਦਿੰਦਾ ਏ
ਮਾਸ਼ੂਕ ਇੱਥੇ
ਗ਼ਰਜ਼ ਪੂਰੀ ਹੋਣ 'ਤੇ



ਲਾਹ ਸੁੱਟਦੀ ਏ ਆਸ਼ਿਕ ਨੂੰ
ਵਗਾਹ ਮਾਰਦੀ ਏ
ਹੈ ਨਾ ਸਾਡੇ ਇਥੇ
ਯੂਜ਼ ਐਂਡ ਥਰੋ
ਥੋੜੇ ਨਾਲੋਂ ਵਧੀਆ
ਬੋਲ ਤੇ ਦੱਸ
ਹੈ ਨਾ ਤਰੱਕੀ 'ਤੇ
ਮੇਰਾ ਮੁਲਕ ਤੇਰੇ ਮੁਲਕ ਨਾਲੋਂ
♦

## ਪਾਪ

ਰਾਜਨੀਤੀ
ਹੁਣ ਚਾਣਕਿਆ ਨੀਤੀ ਤੋਂ
ਬਦਲ ਗਈ ਬਹੁਤ
ਹੁਣ ਤਾਂ ਹਰ ਵੇਲੇ ਜੁਗਤਾਂ
ਆਪਣੇ ਖ਼ੂਨ ਨਾਲ਼ ਹੀ
ਲੜਾਈ ਦੀਆਂ
ਵੰਡੀਆਂ ਪਾਉਣ ਦੀਆਂ
ਧਰਮ ਦੇ ਬਖੇੜੇ ਦੀਆਂ
ਕਿਵੇਂ ਹੋ ਸਕਦਾ ਫ਼ਾਇਦਾ
ਚੰਦ ਕੁ ਵੋਟਾਂ ਲਈ
ਸੌੜੀ ਰਾਜਨੀਤੀ
ਜਦੋਂ ਤਕ ਲੋਕ
ਚੰਦ ਛਿੱਲੜਾਂ ਪਿੱਛੇ
ਆਪਣੀ ਜ਼ਮੀਰ
ਵੇਚਣ ਤੋਂ ਨਹੀਂ ਹਟਦੇ
ਇਸ ਮੁਲਕ ਦਾ ਭਲਾ ਹੋਣ ਬਾਰੇ
ਫ਼ਜ਼ੂਲ ਹੈ ਸੋਚਣਾ ਵੀ
♦



## ਜੀਓ ਆਇਆਂ ਨੂੰ

ਓਹ ਜਾਣ ਲੱਗੀ ਤਾਂ
ਆਖਿਆ ਨਾ ਜਾਹ
ਨਾ ਜਾਹ ਛੱਡ ਕੇ
ਕੀ ਬਣੇਗਾ ਮੇਰਾ
ਮੈਂ ਕਿਹਾ
ਨਾ ਮਿਲੇਗਾ ਮੇਰੇ ਵਰਗਾ ਕਦੇ
ਕਿਹਾ ਉਸ ਹੰਕਾਰ ਨਾਲ
ਤੇਰੇ ਵਰਗੇ ਵੀਹ
ਹਫ਼ਤਾ ਕੁ ਬੀਤਿਆ
ਆਈ, ਮੁੜ ਆਈ ਉਹ
ਲਿਪਟ ਗਈ ਨਾਲ਼ ਮੇਰੇ
ਨਹੀਂ ਨਹੀਂ ਮੈਂ ਗ਼ਲਤ ਸਾਂ
ਵੀਹ ਕੀ ਇਕ ਵੀ ਨਹੀਂ
ਨਹੀਂ ਹੋ ਸਕਦਾ ਇਕ ਵੀ
ਤੇਰੇ ਨੇੜੇ ਤੇੜੇ
ਤੇ ਅਸੀਂ
ਪੇਮੀ ਦੇ ਨਿਆਣੇ
ਰੱਬ ਦੇ ਜੀਅ
ਗਲ਼ ਨਾਲ਼ ਲਾਇਆ ਉਸਨੂੰ
ਗਲਾ ਭਰ ਕੇ ਕਿਹਾ
ਖ਼ੁਸ਼ਾਮਦੀਦ
ਜੀ ਆਇਆਂ ਨੂੰ!
♦

## ਆਜ਼ਾਦੀ

ਹਾਕਮ ਸੁਖੀ ਹੈ
ਪਰਜਾ ਦੁਖੀ ਹੈ
ਕੀ ਸਮਝਦੇ ਓ ਤੁਸੀਂ
ਇੰਝ ਹੀ ਚਲਦਾ ਰਹੇਗਾ ਸਭ ਕੁਝ
ਇਸੇ ਤਰ੍ਹਾਂ ਹੋਵੇਗਾ ਸ਼ੋਸ਼ਣ
ਇਸੇ ਤਰ੍ਹਾਂ ਹਾਕਮ ਕਰਨਗੇ ਮਨਮਰਜ਼ੀਆਂ
ਰੱਤ ਲੋਕਾਂ ਦਾ ਚੂਸਣ ਜੋਕਾਂ
ਨਹੀਂ ਇੰਝ ਨਹੀਂ ਚੱਲੇਗਾ
ਸਮਾਂ ਬਦਲਣ ਵਾਲਾ ਏ
ਸਬਰ ਦਾ ਪਿਆਲਾ ਨੱਕੋ ਨੱਕ
ਬਸ ਉਛਲਣ ਵਾਲਾ
ਉਠਣਗੇ ਸੂਰਮੇ
ਪਿੰਡੋ ਪਿੰਡ
ਗਲੀਓਂ ਗਲੀ
ਹੱਕ ਸੱਚ ਦੀ ਲੜਾਈ
ਬਦੀ ਉਪਰ ਨੇਕੀ ਦੀ ਜਿੱਤ
ਹਾਕਮ ਕੰਬੇਗਾ
ਹਿਲ ਜਾਣਗੇ ਮਹੱਲ
ਛੱਡ ਜਾਵੇਗਾ ਗੱਦੀ
ਹੋ ਜਾਵੇਗਾ
ਮੇਰਾ ਮੁਲਕ ਆਜ਼ਾਦ
♦



## ਮੈਂ ਬਨਾਮ ਮੈਂ

ਮੇਰੀ ਮੈਂ ਹੀ
ਨਾ ਜਿਉਣ ਦੇਵੇ
ਤੰਗ ਕਰੇ
ਇਹ ਮੈਂ ਮੈਂ
ਸਾਰਾ ਦਿਨ
ਖ਼ਤਮ ਨਹੀਂ ਹੁੰਦੀ
ਤੈਨੂੰ ਬਹੁਤ ਚਾਹੁੰਦਾ ਹਾਂ
ਚਾਹੁੰਦਾ ਹਾਂ
ਤੇਰਾ ਹੀ ਜ਼ਿਕਰ ਹੋਵੇ
ਕਹਾਂ ਤੂੰ ਹੀ ਤੂੰ
ਤੇਰਾ ਨਾਮ ਹੀ ਆਵੇ ਬੁੱਲ੍ਹਾਂ ’ਤੇ
ਤੈਨੂੰ ਯਾਦ ਕਰਨ ਲਗਦਾਂ
ਤੈਨੂੰ ਸਮਰਪਿਤ ਹੋਣ ਲਗਦਾਂ
ਫੇਰ ਆ ਜਾਂਦੀ ਏ ਮੈਂ
ਬਸ ਜਦੋਂ ਤਕ ਮੇਰੇ ਵਿੱਚ ਮੈਂ
ਖ਼ਤਮ ਨਹੀਂ ਹੋ ਜਾਂਦੀ
ਸਾਰੇ ਪਾਸੇ
ਤੂੰ ਹੀ ਤੂੰ ਨਹੀਂ ਹੋ ਜਾਂਦੀ
ਸੰਘਰਸ਼ ਜਾਰੀ ਰਹੇਗਾ!
♦

## ਦੇਸੀ ਪਾਪਾ

ਥੱਕਿਆ ਟੁੱਟਿਆ
ਪਹੁੰਚਦਾ ਹਾਂ ਘਰ
ਟੀ.ਵੀ. ਲਗਾਉਂਦਾ ਹਾਂ
ਬੱਚੇ ਵੀ ਆਣ ਬੈਠਦੇ ਨੇ
ਗਾਣਾ ਚੱਲ ਰਿਹਾ ਹੈ
ਨਾ ਮਾਤਰ ਕੱਪੜੇ ਨਰਤਕੀ ਦੇ
ਠੁਮਕੇ ਵੱਜ ਰਹੇ ਨੇ
ਕੁਝ ਦੇਰ ਬੈਠਦਾ ਹਾਂ
ਸ਼ੋਰੇ ਕਿਉਂ
ਹੁੰਦਾ ਹਾਂ ਮੁੜਕੋ-ਮੁੜਕੀ
ਆਖ਼ਿਰ ਉਠਦਾ ਹਾਂ
ਬਾਹਰ ਵੱਲ ਜਾਣ ਲੱਗਿਆਂ
ਇਕ ਧੀਮੀ ਆਵਾਜ਼
ਕਰਦੀ ਪਿੱਛਾ ਮੇਰਾ
ਪਾਪਾ ਵੀ ਕਿੰਨੇ ਦੇਸੀ ਨੇ!
♦



## ਨਜ਼ਮ ਦੀ ਮੌਤ

ਲਿਖਣ ਲੱਗਦਾ ਹਾਂ
ਕਲਮ ਚੁੱਕਦਾ ਹਾਂ
ਬੱਸ ਅੱਜ ਤਾਂ ਸੱਚੋ ਸੱਚ
ਲਿਖ ਦੇਣਾ ਸਭ ਕੁਝ
ਕਿਸੇ ਤੋਂ ਨਹੀਂ ਡਰਾਂਗਾ
ਪਰਦਾਫਾਸ਼ ਕਰਾਂਗਾ
ਕਿਸੇ ਤੋਂ ਨਹੀਂ ਡਰਾਂਗਾ
ਲੋਕਾਂ ਦੀ ਗੱਲ ਕਰਾਂਗਾ
ਸਦੀਆਂ ਤੋਂ ਸੰਤਾਪ ਭੋਗਦੇ ਲੋਕ
ਤਰਜਮਾਨੀ ਕਰਾਂਗਾ ਉਨ੍ਹਾਂ ਦੀ
ਹਾਕਮ ਦੀਆਂ ਕਰਤੂਤਾਂ
ਕਰਾਂਗਾ ਨੰਗੀਆਂ
ਪਰ ਲਿਖਦਾ ਹਾਂ
ਹਾਕਮ ਦੀ ਵਡਿਆਈ
ਗਾਉਂਦਾ ਹਾਂ ਸੋਹਲੇ
ਹਾਕਮ ਸੱਚਾ ਸੁੱਚਾ ਏ
ਲੋਕ ਐਵੇਂ ਹੀ ਬੱਸ
ਨਿੰਦਦੇ ਰਾਜੇ ਨੂੰ
ਇਹ ਲੋਕ ਵੀ
ਐਵੇਂ ਮੰਗਾਂ ਰੱਖੀ ਜਾਣਗੇ
ਹਾਕਮ ਵਿਚਾਰਾ
ਮਰਦਾ ਸਾਰਾ ਦਿਨ ਇਨ੍ਹਾਂ ਲਈ

ਇੰਝ ਮੇਰੀ ਨਜ਼ਮ
ਜੰਮਣ ਤੋਂ ਪਹਿਲਾਂ ਹੀ
ਮਰ ਜਾਂਦੀ ਏ
ਅਣਆਈ ਮੌਤ
♦

## ਸਰਾਪੀ ਨਜ਼ਮ

ਮੇਰੀ ਨਜ਼ਮ
ਸਰਾਪੀ ਗਈ ਏ
ਰੰਗਲਾ ਪੰਜਾਬ
ਅਠਖੇਲੀਆਂ ਕਰਦੇ ਪਾਣੀ
ਝੂੰਮਰ ਪਾਉਂਦੇ ਗੱਭਰੂ
ਗਿੱਧਾ ਪਾਉਂਦੀਆਂ ਮੁਟਿਆਰਾਂ
ਗੁੱਤ ਦੀ ਪਰਾਂਦੀ
ਛਾਤੀਆਂ ਦੇ ਉਭਾਰ
ਮੇਰੀ ਨਜ਼ਮ ਜਾਣੋ
ਭੁੱਲ ਗਈ ਏ ਸਭ

ਬਸ ਮੇਰੀ ਨਜ਼ਮ ਤਾਂ
ਨਸ਼ਿਆਂ ਦਾ ਛੇਵਾਂ ਦਰਿਆ
ਕਿਸਾਨ ਖ਼ੁਦਕੁਸ਼ੀਆਂ
ਅਣਜੰਮੀ ਦਾ ਕਤਲ
ਹਾਕਮ ਦਾ ਜਬਰ
ਠੇਡੇ ਖਾਂਦੀ ਮਾਸੂਮੀਅਤ
ਠੰਡੇ ਚੁਲ੍ਹੇ
ਬੱਸ
ਇਸ ਤੋਂ ਅੱਗੇ ਨਹੀਂ ਵਧਦੀ
ਮੇਰੀ ਨਜ਼ਮ
ਲਗਦਾ ਸਰਾਪੀ ਗਈ ਹੈ
ਮੇਰੀ ਨਜ਼ਮ
♦



## ਮੈਂ ਕੀ ਲੈਣਾ

ਸੂਰਜ ਚੜ੍ਹ ਰਿਹਾ ਹੈ
ਸੂਰਜ ਡੁੱਬ ਰਿਹਾ ਹੈ
ਸੂਰਜ ਅੱਜ ਲੇਟ ਚੜ੍ਹਿਆ
ਜਲਦੀ ਡੁੱਬ ਗਿਆ
ਕਿਉਂ ਸੋਚਦਾ ਹਾਂ ਸਭ ਕੁਝ ਮੈਂ
ਮੈਂ ਕੀ ਲੈਣਾ
ਸੂਰਜ ਦੀ ਆਪਣੀ ਹੋਂਦ
ਜਿਸਨੂੰ ਮਰਜ਼ੀ ਰੌਸ਼ਨੀ ਵੰਡੇ
ਜਦੋਂ ਉਸ ਦਾ ਜੀਅ ਕਰੇ
ਚੜ੍ਹ ਜਾਵੇ
ਬੱਦਲਾਂ ਵਿਚ ਲੁਕ ਜਾਵੇ
ਡੁੱਬ ਜਾਵੇ
ਖਸਮਾਂ ਨੂੰ ਖਾਵੇ
ਮੈਂ ਵੀ ਬੱਸ
ਐਵੇਂ ਈ...
ਮੈਂ ਕੀ ਲੈਣਾ
♦

## ਦੇਖੋ ਕੀ ਬਣਦਾ

ਰੋਜ਼ ਸਵੇਰੇ
ਸ਼ੀਸ਼ੇ ਮੂਹਰੇ ਖੜ੍ਹ
ਤਿਆਰ ਹੋਣ ਵੇਲੇ

ਦੇਖਦਾ ਹਾਂ
ਆਪਣੇ ਆਪ ਨੂੰ
ਇਕ ਵਾਰ ਮਨ ਵਿੱਚ ਆਉਂਦਾ

ਮੈਂ ਸ਼ਾਇਦ ਮੈਂ ਨਹੀਂ ਹਾਂ
ਬਨਾਉਟੀ ਜਿਹਾ ਜਾਪੇ
ਸਭ ਕੁਝ
ਰੱਬ ਨੇ ਬਣਾਇਆ
ਚੁਰਾਸੀ ਲੱਖ ਜੂਨੀ ਤੋਂ ਬਾਅਦ
ਦੂਰ ਗੁਰਦੁਆਰਿਓਂ ਆਵਾਜ਼ ਆ ਰਹੀ
"ਮਨ ਤੂੰ ਜੋਤ ਸਰੂਪ ਹੈਂ
ਆਪਣਾ ਮੂਲ ਪਛਾਣ"
ਫੇਰ ਇਕ ਪਲ ਵਿਚ ਹੀ
ਦਿਨ ਦੇ ਰੁਝੇਵੇਂ
ਮਨ ਵਿਚ ਆਉਣ
ਝੂਠ ਫਰੇਬ
ਅੱਜ ਕੀ ਹੈ ਕਰਨਾ
ਨਵੀਆਂ ਯੁਗਤਾਂ
ਬੱਸ ਫੇਰ ਲਾਸ਼ ਜਿਹੀ ਬਣ
ਮੂਲ ਨੂੰ ਭੁੱਲ
ਲੱਗ ਜਾਣਾ
ਪਾਪਾਂ ਦੀ ਗੱਠੜੀ
ਹੋਈ ਜਾਵੇ ਭਾਰੀ
ਦੇਖੋ ਕੀ ਬਣਦਾ
♦



## ਮੁਬਾਰਕ ਉਨ੍ਹਾਂ ਨੂੰ

ਨਵਾਂ ਸਾਲ ਮੁਬਾਰਕ
ਤੈਨੂੰ ਬਹੁਤ ਲੋਕ ਨੇ
ਕਹਿਣ ਵਾਲੇ
ਪਰ ਮੈਂ ਨਵਾਂ ਸਾਲ ਮੁਬਾਰਕ
ਕਹਿੰਦਾ ਹਾਂ ਉਨ੍ਹਾਂ ਨੂੰ
ਪਤਾ ਨਹੀਂ ਜਿਨ੍ਹਾਂ ਨੂੰ ਸ਼ਾਇਦ
ਕਿ ਨਵਾਂ ਸਾਲ ਚੜ੍ਹ ਗਿਆ ਹੈ
ਬੜੀ ਮੁੱਦਤ ਤੋਂ ਨਹੀਂ ਚੜ੍ਹਿਆ
ਨਵਾਂ ਸਾਲ ਜਿਨ੍ਹਾਂ ਲਈ
ਨਵਾਂ ਸਾਲ ਮੁਬਾਰਕ ਉਨ੍ਹਾਂ ਨੂੰ
ਪਸੀਨਾ ਵਹਾ ਕੇ ਆਉਂਦੇ ਨੇ ਘਰ
ਤੇ ਪਸੀਨਾ ਸੁੱਕਣ ਤੋਂ ਪਹਿਲਾਂ ਹੀ
ਜੁੜ ਜਾਂਦੇ ਨੇ ਫੇਰ ਕੰਮ 'ਤੇ
ਪਰ ਨਹੀਂ ਮਿਲਦਾ ਦੋ ਵਕਤ ਰੱਜ ਖਾਣ ਨੂੰ
ਮੈਂ ਨਵਾਂ ਸਾਲ ਮੁਬਾਰਕ ਕਹਿੰਦਾ ਹਾਂ
ਓਹ ਜਿਹੜੇ ਖੜ੍ਹੇ ਨੇ
ਪੰਜ ਤਾਰਾ ਹੋਟਲਾਂ ਦੇ ਬਾਹਰ
ਦੇਖ ਰਹੇ ਨੇ ਆ ਜਾ ਰਹੇ ਜੋੜਿਆਂ ਨੂੰ
ਆਸ ਜੇਹੀ ਕਿ ਚੰਦ ਕੁ ਛਿੱਲੜ ਮਿਲ ਜਾਣ
ਨਵਾਂ ਸਾਲ ਮੁਬਾਰਕ ਉਨ੍ਹਾਂ ਨੂੰ
ਫ਼ਿਕਰ ਜਿਨ੍ਹਾਂ ਨੂੰ ਪਤਾ ਨਹੀਂ ਕਿ
ਨਵੇਂ ਸਾਲ ਦੀ ਸਵੇਰ
ਰੋਟੀ ਮਿਲਣੀ ਜਾਂ ਨਹੀਂ
ਨਵਾਂ ਸਾਲ ਮੁਬਾਰਕ ਉਨ੍ਹਾਂ ਨੂੰ

ਸਫੇਦਪੋਸ਼ ਲੁਟੇਰੇ ਲੁੱਟ ਰਹੇ ਜਿਨ੍ਹਾਂ ਨੂੰ
ਫਰਿਆਦ ਕਿਸ ਕਿਸ ਕੋਲ ਲੈ ਕੇ ਜਾਣ
ਘੁਣ ਵਾਂਗ ਖਾ ਰਹੇ ਨੇ
ਇਹ ਲੁਟੇਰੇ ਮਾਨਵਤਾ ਨੂੰ
ਨਵਾਂ ਸਾਲ ਮੁਬਾਰਕ
ਓਨ੍ਹਾਂ ਚਿੜੀਆਂ ਨੂੰ
ਭੁਲ ਗਈਆਂ ਜਿਹੜੀਆਂ
ਲਾਉਣੀ ਮਨਭਾਉਂਦੀ ਉਡਾਰੀ
ਥਾਂ-ਥਾਂ ਫਿਰਨ ਜਰਵਾਣੇ
ਨੋਚਣ ਨੂੰ ਮਾਸ ਜਿਨ੍ਹਾਂ ਦਾ
ਕਿਤੇ ਨਹੀਂ ਮਹਿਫ਼ੂਜ਼ ਉਹ
ਡਰ ਕੇ ਲੁਕ ਗਈਆਂ ਪਤਾ ਨਹੀਂ ਕਿੱਥੇ
ਮੈਂ ਕਹਿੰਦਾ ਹਾਂ ਪਰ
ਨਵਾਂ ਸਾਲ ਮੁਬਾਰਕ ਇਨ੍ਹਾਂ ਸਾਰਿਆਂ ਨੂੰ
ਕਿ ਚੜ੍ਹ ਗਿਆ ਹੈ ਨਵਾਂ ਸਾਲ
ਇਸ ਨਵੇਂ ਸਾਲ ਦੀ ਸਵੇਰ
ਤੁਹਾਨੂੰ ਮੁਬਾਰਕ ਹੋਵੇ
ਹੋ ਜਾਵੋ ਇਕੱਠੇ
ਮਾਰੋ ਹੰਭਲਾ
ਬਦਲ ਦਿਓ ਇਹ ਨਿਜ਼ਾਮ
ਸਿਰ ਉੱਚਾ ਹੋਵੇ ਤੁਹਾਡਾ
ਜਿਓਂ ਸਕੋਂ ਤੁਸੀਂ ਵੀ ਜ਼ਿੰਦਗੀ ਨੂੰ
ਖ਼ੂਬਸੂਰਤ ਜ਼ਿੰਦਗੀ ਵਾਂਗ
ਪਰ ਖੌਰੇ ਕਿਉਂ ਲੱਗ ਰਿਹਾ
ਹਾਲੇ ਦਿੱਲੀ ਹੈ ਦੂਰ
ਹਾਲੇ ਵੀ ਦਿੱਲੀ ਦੂਰ ਹੈ
♦



## ਉਡਾਰੀ

ਮੇਰੀ ਧੀ
ਉੱਡਣਾ ਲੋਚਦੀ ਹੈ
ਉਡਾਰੀ ਲਾਉਣੀ ਚਾਹੁੰਦੀ
ਭਰਨੀ ਚਾਹੁੰਦੀ ਏ ਪਰਵਾਜ਼
ਅੰਬਰਾਂ ਵੱਲ
ਮੇਰੇ ਤੋਂ
ਖੰਭ ਮੰਗਦੀ ਏ
ਮੈਨੂੰ ਕਹਿੰਦੀ ਏ
ਉੱਡਣਾ ਏ ਉਸ
ਪਰ
ਨਹੀਂ ਦੇ ਸਕਦਾ ਖੰਭ ਮੈਂ
ਮੇਰੀ ਦਾਦੀ ਸ਼ਾਇਦ
ਬਿਨਾਂ ਪਰਾਂ ਤੋਂ ਹੀ
ਹੋ ਗਈ ਪੂਰੀ
ਮਾਂ ਮੇਰੀ ਵੀ
ਨਾ ਭਰ ਸਕੀ
ਕਦੇ ਉੱਚੀ ਉਡਾਰੀ
ਜੀਵਨ ਸਾਥਣ ਨੂੰ
ਨਾ ਦੇ ਸਕਿਆ ਖੰਭ ਹਾਲੇ ਤੀਕ
ਮੈਂ ਕਿਵੇਂ ਜਾ ਸਕਦਾ ਹਾਂ
ਉਲਟ ਰਵਾਇਤ ਤੋਂ
ਮੇਰੀ ਮਜਬੂਰੀ ਏ
ਨਹੀਂ ਦੇ ਸਕਦਾ ਖੰਭ ਮੈਂ
ਪਰ
ਮੇਰੀ ਧੀ ਉੱਡਣਾ ਲੋਚਦੀ ਏ
♦

## ਆਓ ਪਹਿਚਾਣੀਏ

ਘਰ ਤੋਂ ਨਿਕਲਦਿਆਂ
ਹਰ ਇਨਸਾਨ ਹੈ ਖ਼ੌਫ਼ ਵਿਚ
ਦਹਿਸ਼ਤ ਵਿੱਚ
ਸੁਆਣੀ ਦੇਖਦੀ ਏ ਵਾਰ ਵਾਰ
ਗਲ਼ ਵਿਚ ਪਾਇਆ ਮੰਗਲ ਸੂਤਰ
ਆਦਮੀ ਨੂੰ ਜਾਪੇ
ਉਸ ਦਾ ਜਿਵੇਂ ਬਟੂਆ ਹੈ ਗਾਇਬ
ਸਕੂਲ ਪੜ੍ਹਨ ਗਏ
ਛੋਟੇ ਲਾਲਾਂ ਦੀ ਮੰਗੇ
ਖ਼ੈਰ ਘਰ ਬੈਠੀ ਮਾਈ
ਘਰੋਂ ਗਿਆਂ ਦੀ ਸਲਾਮਤੀ
ਹਰ ਪਾਸੇ ਖ਼ੌਫ਼ ਹੈ ਕਿਉਂ
ਦਹਿਸ਼ਤ ਹੈ ਕਿਉਂ
ਆਪਣੀ ਪਤਲੂਨ ਠੀਕ ਕਰਦਾ ਕੋਈ
ਕਿਉਂ ਜਾਪੇ ਜਿਵੇਂ
ਹਥਿਆਰ ਕੱਢ ਰਿਹਾ ਡੱਬ 'ਚੋਂ
ਚਾਰੇ ਪਾਸੇ ਜਿਵੇਂ ਘੁੰਮ ਰਹੇ
ਮਾਸ ਨੋਚਣ ਵਾਲੇ ਮਜ਼ਲੂਮਾਂ ਦਾ
ਕਹਿੰਦੇ ਹਾਂ ਔਲਾਦ ਸਾਰੇ
ਆਦਮ ਤੇ ਹਵਾ ਦੀ
ਇਕ ਖ਼ੂਨ ਦੱਸਣ ਸਭ ਦਾ
ਇੱਕੋ ਰੰਗ ਖ਼ੂਨ ਦਾ
ਖ਼ੂਨ ਦੇ ਰਿਸ਼ਤੇ
ਕਿਉਂ ਬਣ ਗਏ ਓਪਰੇ
ਕੁਝ ਤਾਂ ਹੈ
ਆਓ ਪਹਿਚਾਣੀਏ ਆਪਣੇ ਬੇਗ਼ਾਨੇ
ਕਰ ਦਿਓ ਅਲੱਗ
ਮੱਸੇ ਰੰਗੜ ਤੇ ਮੰਨੂੰ
ਜਿਓਂ ਸਕੀਏ ਚਾਵਾਂ ਨਾਲ਼ ਫੇਰ

♦



## ਹਲਫ਼ੀਆ ਬਿਆਨ

ਨਾਮ : ਸਹਿਜ ਪ੍ਰੀਤ
ਪਿੰਡ : ਕਟਾਣੀ ਕਲਾਂ
ਡਾਕਖਾਨਾ : ਖ਼ਾਸ
ਸਥਾਨ : ਨਹਿਰ ਦਾ ਕੰਢਾ
ਸਮਾਂ : ਸ਼ਾਹ ਹਨੇਰੀ ਰਾਤ
ਜ਼ੁਰਮ : ਸ਼ਾਹ ਹਨੇਰੀ ਰਾਤ ਵਿਚ ਵੀ ਚਾਨਣ ਵੰਡਣ ਦੀ
ਕੋਸ਼ਿਸ਼ ਕਰ ਰਹੇ ਚੰਨ ਦੀ ਬੁੱਘੀ
ਗਵਾਹ : ਸਾਰੀ ਕਾਇਨਾਤ ਚੰਨ, ਫੁੱਲ ਤੇ ਤਾਰੇ
ਸਜ਼ਾ : ਮੈਂ ਮੈਂ ਨਾ ਰਿਹਾ
ਮੈਂ ਕੀ ਹੋ ਗਿਆ
ਮੈਨੂੰ ਕੀ ਹੋ ਗਿਆ
ਮੈਂ ਚੰਨ ਹੋ ਗਿਆ
ਓਹ ਮੈਂ ਹੋ ਗਿਆ
ਮੈਂ ਓਹ ਹੋ ਗਿਆ
ਜੋ ਵੀ ਹੋ ਗਿਆ
ਵਧੀਆ ਹੋ ਗਿਆ

♦

## ਪੈੜਾਂ

ਜਦੋਂ ਦੀ ਤੂੰ ਤੁਰ ਗਈ
ਤੇਰੀਆਂ ਪੈੜਾਂ ਦਾ ਪਿੱਛਾ ਕਰਦਿਆਂ
ਬਹੁਤ ਦੂਰ ਨਿਕਲ ਆਇਆ ਹਾਂ
ਮੈਂ ਦੇਖਿਆ ਰਾਹ ਵਿਚ
ਇਹ ਪੈੜਾਂ ਦੋ ਦੀਆਂ ਚਾਰ
ਹੋ ਗਈਆਂ ਨੇ
ਪੈੜ ਪਹਿਚਾਣਦਾਂ ਮੈਂ ਤੇਰੀ
ਲਗਦੈ ਪਿੱਛੇ ਨੂੰ ਤੱਕਦੀ
ਤੁਰ ਰਹੀ ਸੀ ਤੂੰ
ਪਹੁੰਚ ਗਿਆਂ
ਅੱਗੇ ਵਿਸ਼ਾਲ ਸਮੁੰਦਰ
ਖ਼ਤਮ ਹੋ ਗਈਆਂ ਪੈੜਾਂ
ਸਮੁੰਦਰ ਲਗਦਾ ਡੀਕ ਗਿਆ
ਘੁੱਪ ਹਨੇਰਾ ਹੈ ਚਾਰੇ ਪਾਸੇ
ਨਾ ਦਿਖੇ ਕੋਈ ਰਾਹ
ਖੜ੍ਹਾ ਜਾਪੇ
ਬਣ ਗਿਆ ਹਾਂ
ਬੁੱਤ ਜੇਹਾ
♦



## ਵਕਤ

ਲੰਘਿਆ
ਮਾੜਾ ਵਕਤ
ਭੁੱਲਣਾ ਨਹੀਂ ਔਖਾ
ਪਰ...
ਮੱਕਾਰੀਆਂ ਗੱਦਾਰੀਆਂ
ਆਪਣਿਆਂ ਦੇ ਧੋਖੇ

ਸ਼ਿਕਵੇ ਰੋਸੇ
ਬੋਲੇ ਬੋਲ ਕਬੋਲ
ਦੇਖਦੇ ਹੀ

ਵੱਟ ਲੈਣਾ ਪਾਸਾ

ਗ਼ੈਰਾਂ ਨਾਲ਼ ਗਲਵੱਕੜੀਆਂ
ਨਹੀਂ ਭੁੱਲਣ ਦੇਂਦੇ
ਤੇ ਇੰਝ
ਯਾਦ ਰਹਿੰਦਾ ਏ ਹਮੇਸ਼ਾ
ਲੰਘਿਆ
ਮਾੜਾ ਵਕਤ
♦

## ਸਵਾਲ

*(ਲਾਹੌਰ ਯਾਤਰਾ ਦੌਰਾਨ ਲਿਖੀ ਗਈ)*

ਹੀਰਾ ਮੰਡੀ
ਅੱਧ ਢਿਹਾ ਚੁਬਾਰਾ
ਤਾਲਿਬਾਨ
ਸਰਹੱਦ ਤੇ ਲੜਦੀ ਫ਼ੌਜ
ਅਗਵਾ ਕਤਲੇਆਮ
ਬੰਬ ਧਮਾਕੇ
ਬੰਦ
ਨਿੱਕਾ ਬਾਲ ਪੁੱਛਦਾ ਏ
ਅੰਮੀ...
ਅੱਜ ਅੱਬਾ ਘਰ ਆਉਣਗੇ ?
♦



## ਗੁੰਮਸ਼ੁਦਾ ਪੰਜਾਬ

ਕੀ ਤੁਸਾਂ ਕਿਸੇ
ਵੇਖਿਆ ਮੇਰਾ ਗੁਆਚਾ ਪੰਜਾਬ
ਅਠਖੇਲੀਆਂ ਕਰਦੇ ਪੰਜ ਦਰਿਆ
ਦੁੱਧ ਘਿਓ ਲੱਸੀ ਮੱਖਣ ਤੇ ਪਲੇ
ਬਾਂਕੇ ਗਭਰੂ ਛੈਲ ਛਬੀਲੀਆਂ ਨਾਰਾਂ
ਕਰਨ ਮਖੌਲਾਂ ਮੌਤ ਨੂੰ
ਆਪਸੀ ਇਤਫ਼ਾਕ
ਜਾਨ ਵਾਰਨ ਇਕ ਦੂਜੇ ਤੋਂ
ਮਨੁੱਖੀ ਰੂਹਾਂ ਵਿਚ
ਵਾਸਾ ਸੱਚ ਦਾ
ਕੌਲ ਨਿਭਾਉਣ ਦਾ ਹੌਸਲਾ
ਕੁੜੀਆਂ ਚਿੜੀਆਂ ਦੀ ਅਜ਼ਮਤ
ਧੀ ਭੈਣ ਦਾ ਖ਼ਿਆਲ
ਆਪਸੀ ਭਾਈਚਾਰਾ
ਇਹ ਸਨ ਕੁਝ ਕੁ ਨਿਸ਼ਾਨੀਆਂ
ਮੇਰੇ ਸੋਹਣੇ ਪੰਜਾਬ ਦੀਆਂ
ਪਰ ਤੁਸਾਂ ਜੋ ਦੱਸ ਰਹੇ ਓ
ਇਹ ਪੰਜਾਬ ਮੇਰਾ ਨਹੀਂ ਹੈ
ਭੁਲੇਖੇ ਵਿਚ ਹੋ ਤੁਸੀਂ
ਪੰਜ ਦਰਿਆ ਨਾ ਦਿਸਣ ਕਿਤੇ
ਹਾਂ ਛੇਵਾਂ ਦਰਿਆ ਵਗੇ ਜ਼ਰੂਰ
ਪੰਜ ਦਰਿਆ ਜਾਂਦੇ ਸਨ ਇਧਰੋਂ ਉਧਰ
ਐਪਰ ਛੇਵਾਂ ਦਰਿਆ
ਲਹਿੰਦਿਓਂ ਚੜ੍ਹਦੇ ਨੂੰ ਆ ਰਿਹਾ

ਸੁੰਨ ਹੋ ਗਈਆਂ
ਟੀਕੇ ਲਗਾ ਲਗਾ ਬਾਹਵਾਂ
ਧੀਆਂ ਧਿਆਣੀਆਂ
ਨਾ ਘੁੰਮ ਸਕਣ ਆਜ਼ਾਦ
ਕਿਧਰੇ ਨਹੀਂ ਮਹਿਫੂਜ਼
ਖ਼ੂਨ ਹੁਣ ਦੁਸ਼ਮਣ
ਆਪਣੇ ਹੀ ਖ਼ੂਨ ਦਾ
ਦੁਸ਼ਮਣ ਹੋਇਆ ਹਮਸਾਇਆ
ਪਰੋਸਿਆ ਜਾਂਦਾ ਜ਼ਹਿਰ
ਹਵਾ ਤੇ ਪਾਣੀ ਵੀ ਜ਼ਹਿਰੀ
ਅੰਨ੍ਹੀ ਪੀਹ ਰਹੀ ਏ
ਕੁੱਤੇ ਚੱਟ ਰਹੇ ਨੇ
ਕੌਣ ਜੋ ਚੱਟ ਰਹੇ ਨੇ
ਜਿਸ ਕਰਨੀ ਸੀ ਰਾਖੀ
ਨਿਜ਼ਾਮ ਦੀ
ਆਵਾਮ ਦੀ
ਲੁੱਟ ਰਿਹਾ ਐਪਰ ਦੋਵੇਂ ਹੱਥੀਂ
ਵੇਹਲੜਾਂ ਦੀ ਫ਼ੌਜ ਜਿੱਥੇ
ਸੂਬੇ ਨੂੰ ਚਲਾ ਰਹੀ
ਨਹੀਂ ਨਹੀਂ ਇਹ ਮੇਰਾ ਪੰਜਾਬ ਨਹੀਂ
ਮੈਨੂੰ ਮੇਰਾ ਪੰਜਾਬ ਮੋੜ ਦਿਓ
ਮੈਨੂੰ ਮੇਰਾ
ਰੰਗਲਾ ਪੰਜਾਬ ਮੋੜ ਦਿਓ
♦



## ਚੰਗੇ ਦਿਨ

ਚੰਗੇ ਦਿਨ ਆਉਣ ਦੀ
ਉਡੀਕ ਵਿਚ ਬੈਠਾ
ਆਮ ਆਦਮੀ
ਲੰਘ ਰਹੇ ਬੁਰੇ ਦਿਨਾਂ ਨੂੰ
ਯਾਦ ਕਰਦਿਆਂ
ਸੋਚਦਾ ਹੈ
ਕਿੰਨੇ ਚੰਗੇ ਸਨ ਓਹ ਦਿਨ
ਪਤਾ ਨਹੀਂ
ਹੁਣ ਦੋਬਾਰਾ ਆਉਣਗੇ ਵੀ
ਜਾਂ ਨਹੀਂ
♦

## ਜੁਗਤ

ਮੇਰੇ ਦੋਸਤ
ਜੋ ਹਾਂ
ਹਾਂ ਤੇਰੇ ਕਰਕੇ
ਤੇਰੇ ਤੋਂ ਹੀ ਸਿੱਖਿਆ
ਝੂਠ ਨੂੰ ਬਣਾਉਣਾ ਸੱਚ ਵਾਂਗ
ਕਿਵੇਂ ਰੱਖਣਾ ਹੁੰਦਾ
ਆਪਣਿਆਂ ਨੂੰ ਹਨੇਰੇ ਵਿਚ
ਕਿੰਞ ਬਣ ਸਕਦੀ ਆ ਜੁਗਤ ਕੋਈ
ਦੇਣ ਦੀ ਧੋਖਾ ਕਿਸੇ ਨੂੰ
ਕਿਵੇਂ ਵਿਚਰਨਾ ਦੁਨੀਆਂ ਵਿਚ
ਆਪਣੇ ਸੁਆਰਥ ਲਈ ਸਿਰਫ਼
ਤੇਰੀ ਗ਼ਰਜਾ ਭਰੀ ਰਾਜਨੀਤੀ ਦਾ
ਹੋਇਆ ਭਾਵੇਂ ਸ਼ਿਕਾਰ ਮੈਂ ਵੀ
ਤੂੰ ਨਹੀਂ ਅੱਜ ਨਾਲ਼ ਮੇਰੇ
ਪਰ ਦੁਨੀਆਂ ਵਿਚ
ਵਿਚਰਣ ਦੀਆਂ ਤੇਰੀਆਂ ਜੁਗਤਾਂ
ਅਪਣਾਈਆਂ ਤੇਰੇ ਤੋਂ ਬਾਅਦ
ਸਫ਼ਲ ਬਹੁਤ ਹੋ ਗਿਆ
ਮੈਂ ਵੀ...
ਜੁਗਤੀਆਂ ਦੇ
ਇਸ ਦੌਰ ਵਿੱਚ
ਜੁਗਤੀ ਹੋਣਾ ਵੀ
ਬਹੁਤ ਹੈ ਜ਼ਰੂਰੀ
♦



## ਮੇਰਾ ਯਕੀਨ ਕਰੀਂ

ਕੱਲ੍ਹ ਲੌਂਢੇ ਵੇਲੇ
ਮੇਰੀ ਕਲਮ
ਹੋ ਗਈ ਹਾਦਸਾਗ੍ਰਸਤ
ਇਕ ਵਾਰ ਫੇਰ
ਜ਼ਖ਼ਮੀ ਹੋਈ ਹੈ
ਜ਼ਖ਼ਮ ਅੱਲ੍ਹੇ ਨੇ
ਕੁਝ ਜ਼ਿਆਦਾ ਵੀ
ਗੰਭੀਰ ਜ਼ਖ਼ਮੀ
ਹਾਲੇ ਲਿਖਦੀ ਨਹੀਂ ਕੁਝ ਵੀ
ਪਰ ਮੇਰਾ ਯਕੀਨ ਕਰੀਂ

ਇਹ ਰੁਕਣੀ ਨਹੀਂ

ਦੋ ਚਹੁੰ ਦਿਨਾਂ ਵਿਚ
ਕਰੇਗੀ ਬਿਆਨ
ਕਲ੍ਹ ਵਾਲਾ ਹਾਦਸਾ
ਰੱਬ ਖ਼ੈਰ ਕਰੇ
ਲਿਖੇਗੀ ਖੌਰੇ ਕੀ...
♦

## ਖ਼ੁਸ਼ੀ

ਕਿੱਥੇ ਚੱਲਿਆਂ
ਬਾਜ਼ਾਰ
ਹਲਾ...
ਇਕ ਚੀਜ਼
ਜਿਸਨੂੰ ਕਹਿੰਦੇ
ਖ਼ੁਸ਼ੀ
ਮਨ ਦੀ ਖ਼ੁਸ਼ੀ
ਕਿਤੋਂ ਮਿਲੇ
ਤਾਂ...
ਲੈਂਦੇ ਆਉਣਾ
ਮੇਰੇ ਲਈ
♦



## ਕਹਿੰਦੀ ਸੀ ਉਹ

ਕਹਿੰਦੀ ਸੀ ਉਹ
ਜਦ ਮੈਨੂੰ ਭੁੱਲੇਗੀ ਤਾਂ
ਲਵੇਗੀ ਆਖ਼ਰੀ ਸਾਹ
ਉਹ ਦਿਨ ਹੋਵੇਗਾ ਕਿਆਮਤ ਭਰਿਆ
ਨਾ ਦਿਖਾਈ ਦੇਵੇਗਾ ਸੂਰਜ
ਨਾ ਰਾਤ ਨੂੰ ਚੰਨ
ਕਹਿੰਦੀ ਸੀ
ਵਾਅਦਾ ਸੀ ਉਸਦਾ
ਜੀਵੇਗੀ
ਸਾਂਝੀ ਧੜਕਣ
ਅੱਜ ਜਦੋਂ
ਬਦਲਿਆ ਰਾਹ ਉਸਨੇ
ਤੇ ਦੂਰ ਕਿਤੋਂ ਆ ਕੇ
ਪੌਣ ਨੇ ਉਸਦੇ ਹਾਸੇ ਦੀ
ਮਹਿਕ ਬਖੇਰੀ
ਤਾਂ ਯਾਦ ਆਇਆ
ਕਿ...
ਕਹਿੰਦੀ ਸੀ ਉਹ
♦

## ਰੇਤ ਦੇ ਘਰ

ਸ਼ਰਨਾਰਥੀ ਕੈਂਪ ਵਾਲਿਓ
ਵੋਟਾਂ ਸਾਨੂੰ ਪਾਓ
ਇਸ ਵਾਰ ਸਾਡੀ ਸਰਕਾਰ
ਨਿੱਕਾ ਬਾਲ
ਪੁੱਛਦਾ ਮਾਂ ਨੂੰ
ਓਹੀ ਹਨ ਇਹ
ਆਏ ਸਨ ਓਦੋਂ ਵੀ
ਆਂਹਦੇ ਸਨ
ਬਣੂ ਤੁਹਾਡੀ ਸਰਕਾਰ
ਇਨ੍ਹਾਂ ਦੇ ਬਣਦਿਆਂ
ਉਜੜ ਗਏ ਸਾਂ
ਹੁਣ ਫੇਰ ਕਰਨ ਗੱਲਾਂ
ਮੁੜ ਵਸੇਬੇ ਦੀਆਂ
ਮਾਂ ਆਖ ਇਨ੍ਹਾਂ ਨੂੰ
ਇਸ ਵਾਰ
ਨਹੀਂ ਇਨ੍ਹਾਂ ਦੀ ਸਰਕਾਰ
ਕਿਓਂ ਜੋ
ਰੇਤ ਦੇ ਕਈ ਘਰ
ਬਣਾਏ ਮੈਂ ਇਥੇ
ਢਾਹ ਜਾਣਗੇ ਇਹ
ਮੇਰੇ ਤੋਂ ਬਿਨਾਂ
ਹਿਫ਼ਾਜ਼ਤ ਕਰਨੀ ਮੈਂ
ਰੇਤ ਦੇ ਘਰਾਂ ਦੀ
♦



## ਭਰਮ

ਮੈਂ ਜੋ
ਕਾਤਲ ਨੂੰ ਕਾਤਲ
ਜ਼ੁਲਮ ਨੂੰ ਜ਼ੁਲਮ
ਝੂਠ ਨੂੰ ਝੂਠ
ਸੱਚ ਨੂੰ ਸੱਚ
ਚੰਗੇ ਨੂੰ ਚੰਗਾ
ਬੁਰੇ ਨੂੰ ਬੁਰਾ
ਦੋਖੀ ਨੂੰ ਦੋਖੀ
ਨਹੀਂ ਸਕਦਾ ਕਹਿ
ਤਾਂ ਖੌਰੇ ਕਿਉਂ
ਪਾਲੀ ਬੈਠਾ ਹਾਂ
ਭਰਮ ਇਹ
ਕਿ...
ਮੈਂ ਆਜ਼ਾਦ ਹਾਂ
♦

## ਆਥਣ ਤੋਂ ਡਰ

ਆਥਣ ਦੀ
ਉਦਾਸੀ ਤੋਂ ਡਰ
ਦੇਖੋ
ਸੂਰਜ ਵੀ ਲੁਕਦਾ ਫਿਰੇ
ਡਰਦਾ ਫਿਰੇ
ਦੇਖਣਾ
ਆਥਣ ਦੀ ਉਦਾਸੀ ਨੇ
ਆਥਣ ਦੇ ਜ਼ੋਰ ਨੇ
ਉਸਨੂੰ ਵੀ ਢਾਹ ਲੈਣਾ
ਹਰ ਜਾਣਾ ਉਸ
ਆਥਣ ਅੱਗੇ
ਕਿੰਨ੍ਹਾ ਜ਼ੋਰਾਵਰ ਹੋ ਗਿਆ ਹੈ
ਇਹ ਹਨੇਰਾ
ਆਓ ਰਲ਼
ਸੂਰਜ ਨੂੰ ਹੌਸਲਾ ਦਈਏ
ਫੇਰ ਚੜ੍ਹੇ ਉਹ
ਤੇ ਚੀਰ ਦੇਵੇ
ਇਹ ਆਥਣ ਦਾ ਗੂੜ੍ਹ ਹਨੇਰਾ
♦



## ਇਹ ਦਿਨ-ਉਹ ਦਿਨ

ਗੰਨੇ ਚੂਪਣੇ
ਤਾਏ ਨਾਮ੍ਹੇ ਦਾ
ਚੰਡਿਆ ਗੁੜ ਖਾਣਾ
ਖੂਹ 'ਤੇ ਬੈਠ
ਹੀਰ ਗਾਉਣੀ
ਛਿੱਟ ਕੁ ਲਾਉਣੀ ਕਦੇ-ਕਦੇ
ਘਰ ਦੀ ਕੱਢੀ
ਰਾਤ ਨੂੰ ਬੱਕਰੇ ਬੁਲਾਉਣੇ
ਹੱਸਣਾ ਦਿਲ ਖੋਲ੍ਹ
ਲੋਹੜੀ ਮੰਗਣੀ
ਤਿਉਹਾਰ ਮਨਾਉਣੇ
ਜਿਉਂਣੀ ਆਪਣੀ ਜ਼ਿੰਦਗੀ
ਤੇ ਹੁਣ
ਜਦ ਦਾ ਪਿੰਡ ਛੱਡਿਆ ਏ
ਬਨਾਉਟੀ ਜੇਹੇ ਹਾਸੇ
ਬਨਾਉਟੀ ਜੇਹੇ ਲੋਕ
ਬਸ ਸੌਰੀ ਥੈਂਕ ਯੂ
ਅੰਦਰੋਂ ਮਰੀ ਰੂਹ
ਲੋਕ ਕੀ ਕਹਿਣਗੇ
ਰੁਤਬੇ ਦਾ ਖ਼ਿਆਲ
ਦੁਸ਼ਮਣ ਹਮਸਾਏ
ਜੁਗਤਾਂ ਇਕ ਦੂਜੇ ਨੂੰ
ਲਗਾਉਣ ਦੀਆਂ ਨੁਕਰੇ
ਹਾਈ ਸੁਸਾਇਟੀ

ਅੰਦਰੋਂ ਖੋਖਲੇ
ਪੜ੍ਹੇ ਲਿਖੇ ਲੋਕ
ਐਪਰ ਹੁਣ ਜਾਪੇ
ਕਿੰਨ੍ਹਾ ਵਧੀਆ ਸੀ
ਓਹ ਆਪਣੇ ਪਿੰਡ
ਅਨਪੜ੍ਹ ਜਿਹੇ
ਬਣਕੇ ਜਿਉਣਾ
♦



## ਮੇਰੇ ਪਿੰਡ ਦਾ ਕਿਸਾਨ

ਕਿਸਾਨ ਮੇਰੇ ਪਿੰਡ ਦਾ
ਹੁਣ ਖੇਤੀ ਨਹੀਂ ਕਰਦਾ
ਵਿਓਪਾਰੀ ਬਣ ਗਿਆ ਏ
ਜ਼ਮੀਨ ਦੇ ਸੌਦੇ ਕਰਦਾ ਏ
ਜ਼ਮੀਨ ਵੇਚਦਾ
ਵੱਡਾ ਸਾਰਾ ਬੰਗਲਾ ਪਾਉਂਦਾ
ਲੈਂਦਾ ਏ ਸਭ ਤੋਂ ਵੱਡੀ ਸਾਰੀ ਕਾਰ
ਜਿਹੜੀ ਨਹੀਂ ਹੁੰਦੀ
ਪਿੰਡ ਵਿੱਚ ਕਿਸੇ ਕੋਲ ਵੀ
ਧੀਆਂ ਪੁੱਤਰਾਂ ਦੇ
ਵਿਆਹ ਕਰਦਾ ਏ
ਵੱਡੇ ਪੈਲੇਸ ਵਿਚ
ਵੱਡੇ ਵੱਡੇ ਗਾਉਣ ਵਾਲੇ
ਪੈਸੇ ਫੜਦਾ ਹੈ
ਕਰਜ਼ਾ ਚੜ੍ਹਦਾ ਹੈ
ਕਰਜ਼ਾਈ ਹੁੰਦਾ ਏ
ਫੇਰ ਸਲਫਾਸ ਖਾਂਦਾ ਏ
ਕਿਸਾਨ ਮੇਰੇ ਪਿੰਡ ਦਾ
ਹੁਣ ਖੇਤੀ ਨਹੀਂ ਕਰਦਾ
ਬੱਸ ਖ਼ੁਦਕੁਸ਼ੀ ਕਰਦਾ ਏ
♦

## ਆਪੇ ਦੀ ਤਲਾਸ਼

ਆਪੇ ਨਾਲ਼ ਗੱਲ ਹੋਈ ਨੂੰ
ਬੜਾ ਚਿਰ ਹੋ ਗਿਆ ਏ
ਜਿਉਂ ਮੁੱਦਤ ਹੀ ਹੋ ਗਈ ਹੈ
ਖੌਰੇ ਕਿੱਥੇ ਗੁਆਚ ਗਿਆ ਹਾਂ
ਦਿਨ ਭਰ ਗੁਆਚੇ ਜਿਹੇ ਰਹਿਣਾ
ਰਾਤ ਨੂੰ ਲਾਸ਼ ਬਣ ਡਿੱਗ ਪੈਣਾ
ਕਈ ਵਾਰ ਲੋਕਾਂ ਤੋਂ ਪਤਾ ਲਗਦਾ ਏ
ਮੈਂ ਸਹਿਜਪ੍ਰੀਤ ਨਾਂਅ ਦਾ ਬੰਦਾ ਹਾਂ

ਇਹ ਕੇਹਾ ਜਿਉਣਾ ਏ
ਕੀ ਕਰਨ ਆਇਆ ਸੀ
ਕੀ ਕਰ ਰਿਹਾ ਹਾਂ
ਭਟਕ ਰਿਹਾ ਹਾਂ ਕਿਉਂ ਮੈਂ
ਸਾਰਾ ਦਿਨ ਮੈਂ ਕੀ ਕੀਤਾ
ਏਨੇ ਵਰ੍ਹੇ ਮੈਂ ਕੀ ਕਰਦਾ ਰਿਹਾ
ਸਜ ਸੰਵਰ ਤਾਂ ਰੋਜ਼ ਨਿਕਲਦਾ ਸੀ
ਫੇਰ ਮੈਂ ਕਿੱਥੇ ਗੁਆਚਿਆ ਰਿਹਾ

ਦੋਸਤ ਕਈ ਮੇਰੇ ਕਹਿੰਦੇ ਨੇ
ਨਾ ਕਰ ਸਕਿਆ
ਉਨ੍ਹਾਂ ਲਈ ਕੁਝ
ਸੋਹਣੇ ਰੱਬ ਜਿਸ ਨੇ
ਇਹ ਦੁਨੀਆਂ ਦਿਖਾਈ
ਵਿਸਾਰ ਦਿੱਤਾ ਉਸ ਨੂੰ ਵੀ



ਫੇਰ ਮੈਂ ਕਿੱਥੇ ਸੀ
ਮੈਂ ਕਿੱਥੇ ਹਾਂ
ਨਬਜ਼ ਤਾਂ ਹੈ ਚੱਲ ਰਹੀ
ਬੱਸ ਹੁਣ ਮੈਂ
ਆਪਾ ਲੱਭਣਾ ਏ
ਕਿਤੇ ਗੁਆਚ ਗਿਆ
ਸਹਿਜਪ੍ਰੀਤ ਲੱਭਣਾ ਏ

ਤੁਹਾਨੂੰ ਵੀ ਜੇ ਪਤਾ ਲੱਗੇ
ਦੱਸਿਓ ਜ਼ਰੂਰ
ਤੇ ਜਿਸ ਦਿਨ ਸਹਿਜ ਨੂੰ
ਸਹਿਜ ਪ੍ਰੀਤ ਮਿਲ ਗਿਆ
ਤੁਹਾਨੂੰ ਗੁਆਚਿਆ
ਇਹ ਬੰਦਾ ਮਿਲ ਗਿਆ
ਤੁਸੀਂ ਵੀ ਕਹਿਣਾ
ਬੰਦਾ ਤਾਂ ਵਧੀਆ ਏਂ ਯਾਰ ਤੂੰ
ਕਿੱਥੇ ਰਿਹਾ ਹੁਣ ਤੀਕ
♦

## ਜਵਾਬ

ਤੂੰ ਮੈਨੂੰ ਮੁਖ਼ਾਤਿਬ ਸੀ
ਤੂੰ ਮੈਨੂੰ ਕੁਝ ਲਿਖਿਆ ਸੀ
ਤੂੰ ਮੈਨੂੰ ਕੀ ਲਿਖਿਆ ਸੀ
ਧੁੰਦਲਾ ਜਿਹਾ ਹਲਕਾ ਜਿਹਾ
ਯਾਦ ਆ ਰਿਹਾ ਮੈਨੂੰ
ਵੈਸੇ ਜ਼ਿਆਦਾ ਕੁਝ ਯਾਦ ਨਹੀਂ
ਵਕਤ ਦੇ ਥਪੇੜੇ
ਆਪਣਿਆਂ ਦੇ ਫਰੇਬ
ਧੋਖੇ ਮੱਕਾਰੀਆਂ
ਕੁਝ ਯਾਦ ਨਹੀਂ
ਬੱਸ ਮੈਂ ਹਰ ਰੋਜ਼
ਕੁਝ ਲਿਖਣ ਲਗਦਾ ਹਾਂ
ਤੇਰੀਆਂ ਗੱਲਾਂ ਦੇ
ਜੁਆਬ ਟੋਲਣ ਲੱਗਦਾ ਹਾਂ
ਜਵਾਬ ਦੇਣ ਲਗਦਾ ਹਾਂ
ਤੇਰੇ ਉਸ ਖ਼ਤ ਦਾ
ਜੋ ਸ਼ਾਇਦ ਤੂੰ ਕਦੇ
ਲਿਖਿਆ ਹੀ ਨਹੀਂ
♦

## ਮੈਂ ਤੇ ਮਿੱਤਰ

ਮੇਰੇ ਕੋਲ
ਸ਼ਬਦ ਆਉਂਦੇ
ਸ਼ਬਦਾਂ ਤੋਂ
ਅੱਖਰ ਬਣਦੇ
ਅੱਖਰ ਵਾਕਾਂ ਵਿਚ ਤਬਦੀਲ ਹੁੰਦੇ
ਵਾਕ ਕਵਿਤਾ ਵਿਚ ਢਲ਼ ਜਾਂਦੇ
ਮੈਂ ਖ਼ੁਸ਼ੀ ਵਿਚ ਖੀਵਾ ਹੋਵਾਂ
ਮਿੱਤਰ ਮੇਰੀ ਖ਼ੁਸ਼ੀ 'ਤੇ
ਮਜ਼ਾਕ ਕਰ ਛੱਡਦੇ
ਮਿੱਤਰਾਂ ਕੋਲ
ਪੈਸਾ ਆਉਂਦਾ
ਪੈਸੇ ਤੋਂ ਰੁਪਏ ਬਣਦੇ
ਰੁਪਏ ਹੋਰ ਰੁਪਇਆਂ ਵਿਚ
ਤਬਦੀਲ ਹੁੰਦੇ
ਹੋਰ ਰੁਪਏ
ਮਹਿੰਗੀਆਂ ਵਸਤਾਂ ਵਿਚ ਢਲ ਜਾਂਦੇ
ਮਿੱਤਰ ਉੱਚੀ ਉੱਚੀ ਕੂਕਾਂ ਮਾਰਦੇ
ਮੈਂ ਮਿੱਤਰਾਂ ਦੀ ਖ਼ੁਸ਼ੀ 'ਤੇ
ਮੁਸਕਰਾ ਛੱਡਦਾਂ
ਬਸ ਮੁਸਕਰਾ ਛੱਡਦਾਂ
♦



## ਬੱਚਾ ਤੇ ਬਾਜ਼ਾਰ

ਬੱਚਾ ਨਹੀਂ ਸਮਝਦਾ
ਬਾਜ਼ਾਰ ਦੀ ਭਾਸ਼ਾ
ਬੱਚਾ ਨਹੀਂ ਜਾਣਦਾ
ਬਾਜ਼ਾਰ ਦੀ ਲੀਲ੍ਹਾ
ਉਸਨੂੰ ਤਾਂ
ਆਪਣੇ ਵੱਲ ਖਿਚਦੇ
ਲਿਸ਼ਕਦੇ-ਪੁਸ਼ਕਦੇ ਸ਼ੀਸ਼ਿਆਂ ਵਿੱਚ ਪਏ
ਰੰਗ ਬਰੰਗੇ ਖਿਡਾਉਣੇ
ਉਹ ਤਾਂ
ਉਨ੍ਹਾਂ ਨੂੰ ਲੈਣ ਦੀ ਜ਼ਿੱਦ ਕਰਦਾ
ਭੁੰਜੇ ਲਿਟਦਾ
ਅੜੀਆਂ ਕਰਦਾ
ਲੱਤਾਂ ਬਾਹਾਂ ਮਾਰਦਾ
ਮਾਂ ਬਾਪ ਦੀ
ਇਕ ਵੀ ਨਾ ਸੁਣਦਾ
ਉਹ ਨਹੀਂ ਜਾਣਦਾ
ਬਾਪ ਦੀ ਜੇਬ
ਬਾਜ਼ਾਰ ਤੋਂ ਕਿੰਨ੍ਹਾ ਡਰਦੀ
ਪਰ
ਬੱਚੇ ਨੂੰ ਇਸ ਤਰ੍ਹਾਂ
ਬੇ-ਹਾਲ ਦੇਖ ਕੇ
ਬਾਪ ਦੀ ਜੇਬ੍ਹ ਵੀ
ਹੌਂਕੇ ਭਰਦੀ
ਬੱਚਾ ਨਹੀਂ ਸਮਝਦਾ
ਬਾਜ਼ਾਰ ਦੀ ਭਾਸ਼ਾ
ਬੱਚਾ ਕਦੋਂ ਸਮਝਦਾ
ਬਾਜ਼ਾਰ ਦੀ ਲੀਲ੍ਹਾ
♦

## ਲੰਚ ਬਾਕਸ

ਘਰ ਭੁੱਲ ਆਇਆ ਹਾਂ
ਲੰਚ ਬਾਕਸ
ਲੰਚ ਸਮੇਂ
ਖ਼ੁਦ ’ਤੇ ਗੁੱਸਾ ਆਉਂਦਾ ਹੈ
ਪਤਨੀ ਤੇ ਚੜ੍ਹਦੀ ਹੈ ਖਿਝ
ਇਕ ਡੰਗ ਦੀ ਰੋਟੀ ਲਈ
ਕਿਵੇਂ ਤੜਫ਼ਦਾ ਹਾਂ
ਫੇਰ ਸੋਚਦਾਂ
ਉਨ੍ਹਾਂ ਲੋਕਾਂ ਬਾਰੇ
ਜਿਨ੍ਹਾਂ ਨੂੰ
ਕਦੇ ਕਦਾਈਂ ਹੀ ਜੁੜਦਾ ਹੈ ਲੰਚ

ਉਹ ਵੀ ਤਾਂ
ਗੁਜ਼ਾਰਾ ਕਰਦੇ ਹੀ ਨੇ
ਫਿਰ ਵੀ
ਜ਼ਿੰਦਗੀ ਦੇ ਨਾਲ਼
ਖਹਿ ਕੇ ਤੁਰਦੇ ਨੇ
ਬਸ ਇਹ ਸੋਚਦੇ ਹੀ
ਸਹਿਜ ਹੋ ਜਾਂਦਾ ਹਾਂ
♦



## ਜਸ਼ਨ

ਕਿਸੇ ਦੇ
ਇੱਕੋ ਫੁੱਲ ਤੋੜਨ ਨਾਲ
ਮੇਰੇ ਅੰਦਰ ਭਰ ਜਾਂਦੀ ਹੈ ਉਦਾਸੀ
ਅੰਤਾਂ ਦੀ ਉਦਾਸੀ
ਤਾਂ ਹੀ ਤਾਂ
ਅੱਜ ਕੱਲ੍ਹ ਮੈਂ
ਪਤਵੰਤਿਆਂ ਦੀ ਭੀੜ ਦਾ
ਹਿੱਸਾ ਨਹੀਂ ਬਣਦਾ
ਉਹ
ਇੱਕ ਦੂਜੇ ਦੇ ਗਲ਼ਾਂ ਵਿਚ
ਫੁੱਲਾਂ ਦੇ ਹਾਰ ਪਾਉਂਦੇ
ਗੁਲਦਸਤੇ ਭੇਟ ਕਰਦੇ
ਜਾਮ ਛਲਕਾਉਂਦੇ
ਜਸ਼ਨ ਮਨਾਉਂਦੇ
ਮਲੂਕ ਫੁੱਲਾਂ ਨੂੰ
ਪੈਰਾਂ ਹੇਠ ਮਿੱਧਦੇ
ਮੈਥੋਂ... ਮੈਥੋਂ
ਨਹੀਂ ਦੇਖਿਆ ਜਾਂਦਾ
ਫੁੱਲਾਂ ਦੀ...
ਮੌਤ ਦਾ ਜਸ਼ਨ
♦

## ਸਲੂਟ

ਜਿੰਨੇ ਆਸ਼ਿਕ ਪੰਜਾਬ ਵਿਚ ਫਿਰਦੇ ਕੁਆਰੇ
ਨੀਂ ਤੂੰ ਗੁੱਤ ਦੇ ਪਰਾਂਦੇ ਨਾਲ਼ ਬੰਨ੍ਹ ਲਏ ਵਿਚਾਰੇ
ਸਾਰੇ ਪਿਆਰ ਵਾਲੇ ਰੋਗ ਦੇ ਮਰੀਜ਼ ਲੱਗਦੇ
ਤੈਨੂੰ ਐਵੇਂ ਤਾਂ ਨੀ ਜੱਟੀਏ ਸਲੂਟ ਵੱਜਦੇ

ਤੇਰਾ ਰੰਗ ਜਿਵੇਂ ਦੁੱਧ 'ਚ ਸੰਧੂਰ ਪਾਇਆ ਹੋਵੇ
ਕਾਲੇ ਵਾਲ ਜਿਵੇਂ ਸਾਉਣ ਦਾ ਬੱਦਲ ਛਾਇਆ ਹੋਵੇ
ਦੰਦ ਮੋਤੀਆਂ ਦੀ ਮਾਲਾ ਵਾਂਗੂੰ ਬੜੇ ਫੱਬਦੇ
ਤੈਨੂੰ ਐਵੇਂ ਤਾਂ ਨੀ ਜੱਟੀਏ ਸਲੂਟ ਵੱਜਦੇ

ਜਿਹੜਾ ਅੱਖੀਆਂ 'ਚ ਪਾਵੇਂ ਤੂੰ ਟਿਕਾ ਕੇ ਸੁਰਮਾ
ਹੱਸੇ ਆਸ਼ਕਾਂ ਦੇ ਦਿਲਾਂ ਨੂੰ ਰੁਆ ਕੇ ਸੁਰਮਾ
ਉੱਤੋਂ ਨੈਣ ਟੂਣੇਹਾਰੇ ਵੀ ਨੇ ਜਾਨ ਕੱਢਦੇ
ਤੈਨੂੰ ਐਵੇਂ ਤਾਂ ਨੀ ਜੱਟੀਏ ਸਲੂਟ ਵੱਜਦੇ

ਹੁਣ ਸਹਿਜਪ੍ਰੀਤ ਵੀ ਕਟਾਣੀ ਪਿੰਡ ਵਾਲਾ
ਤੈਨੂੰ ਆਪਣੀ ਬਣਾਉਣ ਲਈ ਪੈ ਗਿਆ ਕਾਹਲਾ
ਤੇਰੇ ਨਖ਼ਰੇ ਨੂੰ ਵਾਰ ਵਾਰ ਕਰੇ ਸੱਜਦੇ
ਤੈਨੂੰ ਐਵੇਂ ਤਾਂ ਨੀ ਜੱਟੀਏ ਸਲੂਟ ਵੱਜਦੇ
ਤੈਨੂੰ ਏਸੇ ਗੱਲੋਂ ਸਲੂਟ ਵੱਜਦੇ

♦



## ਹੈਂਗਓਵਰ

ਕਹਿੰਦੇ ਓ ਜਿਸ ਨੂੰ ਤੁਸੀਂ
ਸਵੇਰੇ ਸਵੇਰੇ ਕਰਦਾ ਏ ਤੰਗ
ਦਰਅਸਲ ਸ਼ਰਾਬ ਦਾ ਕਿੱਥੇ ਕਸੂਰ ਏ
ਆਪਣਿਆਂ ਦੇ ਦਿੱਤੇ ਦੁੱਖ
ਧੋਖੇ, ਮੱਕਾਰੀਆਂ, ਬੇਵਫ਼ਾਈਆਂ
ਆਪਣੀਆਂ ਗ਼ਰਜ਼ਾਂ ਪਿੱਛੇ
ਯਾਰਾਂ ਵੱਲੋਂ ਕੀਤੀ ਯਾਰ ਮਾਰ
ਆਉਂਦਾ ਸਭ ਕੁਝ ਯਾਦ
ਸ਼ਰਾਬ ਦਿੰਦੀ ਸਹਾਰਾ
ਰਾਤ ਭਰ
ਸਵੇਰ ਹੁੰਦੇ ਹੀ
ਘਟਦਾ ਨਸ਼ਾ
ਆਉਂਦਾ ਜਦੋਂ ਯਾਦ
ਦੁਬਾਰਾ ਉਹ ਸਭ ਕੁਝ
ਘੁੰਮਦਾ ਏ ਸਿਰ
ਜੇ ਹੈ ਇਹੀ ਹੈਂਗਓਵਰ
ਤਾਂ ਹੁੰਦਾ ਏ ਰੋਜ਼ ਮੈਨੂੰ ਵੀ

♦

## ਬਦ-ਦੁਆ

*ਪੇਸ਼ਾਵਰ ਵਿਖੇ ਅੱਤਵਾਦੀਆਂ ਵੱਲੋਂ ਮਾਰੇ ਗਏ ਸਕੂਲੀ ਬੱਚਿਆਂ ਨੂੰ ਸਮਰਪਿਤ*

ਸਕੂਲੋਂ ਘਰ ਨੂੰ
ਚਾਈਂ ਚਾਈਂ ਪਰਤਦੇ
ਮਾਸੂਮ ਬਾਲ
ਬਸਤੇ ਵਗਾਹ ਮਾਰ
ਮਾਰਦੇ ਕਿਲਕਾਰੀਆਂ
ਦਾਦੀ ਦੀ ਗੋਦ
ਦੇਸੀ ਘਿਓ ਦੀ ਚੂਰੀ
ਅੰਮਾ ਦੀ ਅੱਖ ਦੇ ਤਾਰੇ
ਅੱਬਾ ਦਾ ਮਾਣ
ਕੀ ਮਿਲਿਆ ਤੁਹਾਨੂੰ
ਬਾਲਾਂ ਦੀਆਂ ਖ਼ੁਸ਼ੀਆਂ 'ਤੇ
ਡਾਕੇ ਮਾਰ ਕੇ
ਕੀ ਤੁਸੀਂ ਏਦਾਂ
ਖ਼ਤਮ ਕਰ ਸਕੋਗੇ
ਬਾਲਾਂ ਦੀਆਂ ਕਿਲਕਾਰੀਆਂ
ਨਹੀਂ... ਨਹੀਂ... ਨਹੀਂ
ਦਰਵੇਸ਼ਾਂ ਦਾ... ਨਿਰਦੋਸ਼ਾਂ ਦਾ
ਖ਼ੂਨ ਵਹਾ ਕੇ...
ਗੱਲਾਂ ਕਰਦੇ ਹੋ ਜਹਾਦ ਦੀਆਂ
ਜਾਓ... ਜਾਓ... ਜ਼ਾਲਮੋ
ਤੁਹਾਨੂੰ ਦੋਜ਼ਖ਼ ਵੀ
ਨਾ ਹੋਵੇ ਨਸੀਬ

♦



## ਕੱਚੇ ਪਹੇ

ਚੌੜੀਆਂ ਸੜਕਾਂ
ਵੱਡੇ ਫਲਾਈਓਵਰ
ਉੱਚੀਆਂ ਇਮਾਰਤਾਂ
ਸ਼ਾਪਿੰਗ ਮਾਲ
ਅਖ਼ਬਾਰੀ ਤਰੱਕੀ
ਚਾਰ ਚੁਫ਼ੇਰੇ
ਵੱਡੀਆਂ ਫੜਾਂ
ਹਸੀਨ ਸੁਫ਼ਨੇ
ਮੁੰਗੇਰੀ ਲਾਲ ਦੇ
ਇਨ੍ਹਾਂ ਸੜਕਾਂ ਤੋਂ ਲੰਘ
ਪਹੁੰਚਦਾ ਸਧਾਰਨ ਬੰਦਾ ਪਿੰਡ ਜਦੋਂ
ਘੋਰ ਉਦਾਸੀ
ਨਸ਼ਿਆਂ ਖਾ ਲਈ ਜਵਾਨੀ
ਕਰਜ਼ੇ ਕਾਰਨ ਖ਼ੁਦਕੁਸ਼ੀਆਂ
ਘਰ ਘਰ ਕੁਰਲਾਹਟ
ਵਾੜ ਖੇਤ ਨੂੰ ਖਾਵੇ
ਚਿੱਟਾ ਵੇਚਦੇ ਹਾਕਮ ਵਰੋਸਾਏ
ਦੁਸ਼ਮਣ ਬਣੇ ਹਮਸਾਏ
ਨਿਜ਼ਾਮ ਦੀਆਂ ਕੋਝੀਆਂ ਚਾਲਾਂ
ਲੜਾ ਰਿਹਾ ਭਰਾ ਭਰਾ ਨੂੰ
ਬੰਦਾ ਸੋਚਦਾ ਏ
ਕਿੰਨੇ ਚੰਗੇ ਸਨ
ਓਹ ਕੱਚੇ ਪਹੇ

♦

## ਲਾਹੌਰ ਦੀ ਹੀਰਾ ਮੰਡੀ ਵਿਚੋਂ ਲੰਘਦਿਆਂ

23 ਦਸੰਬਰ
ਢਲ ਚੁੱਕੀ ਸ਼ਾਮ
ਰਾਤ ਦਾ ਪਹਿਲਾ ਪਹਿਰ
ਹੀਰਾ ਮੰਡੀ ਲਾਹੌਰ
ਚੁਬਾਰੇ ਦੀ
ਅੱਧ ਖੁੱਲ੍ਹੀ ਬਾਰੀ
ਚੰਨ ਵੀ ਜਾਣੋ
ਜਾਪੇ ਫਿੱਕਾ
ਚੰਨ ਤਾਂ ਹੈ ਹੀ ਨਹੀਂ ਸੀ
ਕਿਓਂ ਜੋ ਓਹ ਸੀ
ਚਾਨਣ ਉਸ ਦਾ
ਵੰਡ ਰਿਹਾ ਰੌਸ਼ਨੀ
ਲਿਸ਼ਕੋਰ ਨੱਕ ਦੇ ਕੋਕੇ ਦੀ
ਉਡਾਨ ਭਰਦੀ ਮਿਜ਼ਾਇਲ ਦੇ
ਚਾਨਣ ਤੋਂ ਵੀ ਵਧ
ਉਸ ਵਲੋਂ ਆਵੇ
ਰਾਤ ਦੀ ਰਾਣੀ ਵਾਂਗਰਾਂ ਮਹਿਕ
ਰੌਣਕ ਸੀ ਬਹੁਤ
ਪਰ ਰੌਣਕ ਤੋਂ ਵੀ ਕਿਤੇ ਜ਼ਿਆਦਾ ਸੀ
ਉਸਦੀ ਰੌਣਕ
ਬੱਤੀ ਗੁੱਲ ਸੀ
ਫੇਰ ਵੀ ਸੀ ਚੁਫ਼ੇਰੇ ਚਾਨਣ
ਅਚਾਨਕ ਇਕ ਝਟਕੇ
ਬੰਦ ਹੁੰਦੀ ਏ ਬਾਰੀ



ਹੋ ਗਈ ਓਹ ਅਲੋਪ
ਆ ਗਈ ਸੀ ਬੱਤੀ ਭਾਵੇਂ
ਬੱਤੀਆਂ ਦਾ ਚਾਨਣ ਸੀ ਬਹੁਤ
ਫੇਰ ਵੀ ਸੀ
ਹਰ ਪਾਸੇ ਹਨੇਰਾ ਘੁੱਪ
ਬਿਨਾਂ
ਉਸਦੇ ਚਾਨਣ ਤੋਂ
♦

## ਮੈਂ ਕਿਉਂ ਨਾ ਕਹਾਂ

ਸਰਹੱਦ ਉਪਰ
ਰਾਖੀ ਕਰਦੇ ਜਵਾਨ
ਵੱਢ ਲੈ ਜਾਂਦੇ ਓ ਸਿਰਾਂ ਨੂੰ
ਬੰਬ ਧਮਾਕੇ
ਮੁੰਬਈ ਕਾਂਡ
ਸਹਾਰਨਪੁਰ ਦੇ ਕਤਲ
ਸਰਹੱਦੀ ਪਿੰਡ
ਮਾਰਦੇ ਓ ਗ਼ਰੀਬ
ਹਰ ਵੇਲੇ ਕੰਡੇ ਬੀਜਣ ਦੀਆਂ ਜੁਗਤਾਂ
ਪਰ ਅਸੀਂ
ਨਾਨਕ ਲੇਵਾ
ਮੰਨਣ ਵਾਲੇ
ਦਸਾਂ ਗੁਰੂਆਂ ਦੀ ਜਗਦੀ ਜੋਤ
ਮੰਗਦੇ ਸਰਬੱਤ ਦਾ ਭਲਾ
ਖ਼ੈਰ ਬੰਦਗੀ ਦੀ
ਭਾਣਾ ਮੀਠਾ ਲਾਗੈ
ਫਿਰ
ਐ ਅੱਲਾਹ ਦੇ ਨਮਾਜ਼ੀ
ਮੈਂ ਕਿਓਂ ਨਾ ਕਹਾਂ ਤੈਨੂੰ
ਈਦ ਮੁਬਾਰਕ
♦



## ਜਨਾਜ਼ਾ

ਢਾਈ ਗਜ ਖੱਟਾ
ਮੈਂ ਵੀ ਅੱਜ
ਪਵਾਇਆ ਗਲ਼ ਵਿਚ
ਮੈਂ ਇਸ ਦੇਸ਼ ਦਾ
ਜ਼ਿੰਮੇਵਾਰ ਨਾਗਰਿਕ
ਪਿਛਲੀ ਵਾਰ
ਪਾ ਗਏ ਸਨ ਦੂਸਰੇ
ਆਏ ਨਹੀਂ ਇਸ ਵਾਰ ਉਹ
ਇਹ ਜੋ ਆਏ
ਬਣ ਗਿਆ ਇਨ੍ਹਾਂ ਦਾ
ਅਗਲੀ ਵਾਰੀ
ਬਣ ਜਾਵਾਂਗਾ ਕਿਸੇ ਹੋਰ ਦਾ
ਤੁਸਾਂ ਜੋ ਚੁੱਕਿਆ ਬੀੜਾ
ਨਿਜ਼ਾਮ ਬਦਲਣ ਦਾ
ਜਾਓ ਸੌਂ ਜਾਉ ਘਰ ਆਪਣੇ
ਕੁਝ ਨਾ ਬਦਲੇਗਾ ਇਥੇ
ਚੰਦ ਛਿੱਲੜ ਤੇ ਨਸ਼ਿਆਂ ਬਦਲੇ
ਨਿਕਲੇਗਾ ਲੋਕਤੰਤਰ ਦਾ
ਜਨਾਜ਼ਾ ਜਦ ਤਕ
♦

## ਅਹਿਸਾਸ

ਹਰ ਵੇਲੇ
ਝੂਠ ਦਾ ਸਹਾਰਾ
ਨਿੱਕੀਆਂ-ਨਿੱਕੀਆਂ ਗਰਜਾਂ ਲਈ
ਵਿਛ ਜਾਣਾ ਕਿਸੇ ਅੱਗੇ
ਹਰ ਵੇਲੇ
ਬੋਝੇ ਭਰਨ ਦੀਆਂ ਜੁਗਤਾਂ
ਜ਼ੁਲਮ ਹੁੰਦਾ ਦੇਖ
ਮੀਚ ਲੈਣੀਆਂ ਅੱਖਾਂ
ਚਿੜੀਆਂ ਦੀ ਕੁਰਲਾਹਟ
ਪਰ ਆਪੇ ਵਿਚ ਮਸਤ
ਹਰ ਕੋਈ ਅੰਦਰੋਂ ਮੁਜ਼ਰਮ
ਫੇਰ ਵੀ
ਹਰ ਇਨਸਾਨ ਨੂੰ
ਦਿਲ ਦੀ ਧੜਕਣ ਸੁਣ
ਅੰਦਰੋਂ ਆਉਂਦੇ ਸਾਹਾਂ ਨਾਲ
ਜਿਉਂਦੇ ਹੋਣ ਦਾ ਅਹਿਸਾਸ
ਲੱਗੇ ਕਿੰਨਾ ਖੁਸ਼ਗੁਆਰ
♦



## ਮਖੌਟੇ

ਹੇ ਆਮ ਆਦਮੀ
ਪੰਜ ਸਾਲਾਂ ਦੀ ਜਬਤੀ ਬਟਾਈ
ਬਦਲਣ ਨਾਲ
ਨਹੀਂ ਬਦਲਣੀ ਕਿਸਮਤ ਤੇਰੀ
ਨਵੇਂ ਤੇਰੇ ਗਾਹਕ
ਪਾਉਣ ਭਰਮ ਤੈਨੂੰ
ਸਤਯੁਗ ਲਿਆਉਣ ਦਾ
ਤੂੰ ਵੀ ਤੁਰ ਪਿਆ
ਲੱਗ ਮਗਰ ਉਨ੍ਹਾਂ ਦੇ
ਦੇਖ ਸੁਫ਼ਨੇ ਹੁਸੀਨ
ਮੁੰਗੇਰੀ ਲਾਲ ਦੇ
ਐਪਰ ਨਾ ਬਦਲੇਗਾ ਕੁਝ ਵੀ
ਹੋਣੀ ਤੇਰੀ ਮੈਂ ਸਮਝਾਂ
ਪਈ ਵੱਸ ਬਘਿਆੜਾਂ ਦੇ
ਆਉਂਦੇ ਨੇ ਜੋ ਬਦਲ ਬਦਲ
ਮਖੌਟੇ ਹਰੇਕ ਪੰਜ ਸਾਲ ਬਾਅਦ
ਜੇ ਹਿੰਮਤ ਹੈ ਤਾਂ
ਲਾਹ ਸੁਟ ਇਹ ਮਖੌਟੇ ਇਨ੍ਹਾਂ ਦੇ
ਕਰਦੇ ਸ਼ਰੇਆਮ ਬੇਪਰਦਾ
ਫੇਰ ਦੇਖ ਖੜ੍ਹੇਗਾ ਜੋ ਨਾਲ਼ ਤੇਰੇ
ਹੋ ਸਕਦਾ ਹੋਵੇ
ਓਹ ਕੋਈ ਆਮ ਆਦਮੀ
ਤੇ ਹੋ ਜਾਵੇ
ਕੁਝ ਭਲਾ
ਤੇਰਾ ਵੀ
ਮੇਰਾ ਵੀ
ਤੇ
ਸਭ ਦਾ ਹੀ
♦

## ਹੂਕ

ਵਾਹਗਾ ਤੇ ਸ਼ੰਭੂ
ਮੇਰੇ ਲਈ ਦੋ ਸਰਹੱਦਾਂ
ਕਈ ਵਾਰ ਪਾਰ ਕੀਤੀ
ਸ਼ੰਭੂ ਸਰਹੱਦ
ਟੱਪਦਿਆਂ ਹੀ ਹੁੰਦਾ ਅਹਿਸਾਸ
ਬੇਗ਼ਾਨਗੀ ਦਾ
ਲਾਚਾਰਗੀ ਦਾ
ਲਗਦਾ ਜਿਵੇਂ
ਹੋਵਾਂ ਮੁਲਕ ਬਗਾਨੇ ਕਿਸੇ
ਆਪਣੇ ਦੇਸ ਪਰਦੇਸੀ
ਪੱਗ ਵੱਲ ਟੇਢੀਆਂ ਨਜ਼ਰਾਂ
ਪਰ...
ਪਹਿਲੀ ਵਾਰ
ਵਾਹਗੇ ਦੀ ਲਕੀਰ ਟੱਪਦਿਆਂ
ਹੋਇਆ ਅਹਿਸਾਸ
ਆਪਣੇਪਨ ਦਾ
ਮੇਰੇ ਆਪਣੇ
ਬਾਹਵਾਂ ਖੋਲ੍ਹੀ
ਉਡੀਕਣ ਮੈਨੂੰ
ਮੇਰੇ ਬਾਬੇ ਦੇ ਲੰਗੋਟੀਏ ਮਿੱਤਰ ਕਈ
ਮਾਣ ਕਰਨ ਮੇਰੀ ਪੱਗ 'ਤੇ
ਸਚ ਜਾਣਿਓ
ਵਾਹਗੇ ਦੀ ਸਰਹੱਦ
ਨਾ ਲੱਗੀ ਕਦੇ ਵੀ



ਮੈਨੂੰ ਬੇਗਾਨੀ
ਹਾਂ ਪਰ
ਸ਼ੰਭੂ ਟੱਪਦਿਆਂ
ਹੁੰਦਾ ਬੇਗਾਨਗੀ ਦਾ ਅਹਿਸਾਸ
ਖੌਰੇ ਕਿਉਂ
♦

## ਬੇਨਾਮ ਰਿਸ਼ਤਾ

ਨਾ ਉਹ ਆਪਣੀ
ਨਾ ਹੀ ਪਰਾਈ
ਫੇਰ ਵੀ
ਇਹ ਰਿਸ਼ਤਾ
ਬੇਨਾਮ ਜਿਹਾ
ਪਰ...
ਬੜਾ ਹੀ ਗਹਿਰਾ
ਪਤਾ ਨਹੀਂ ਕਿਓਂ
ਇਸ ਬੇਨਾਮ ਰਿਸ਼ਤੇ ਤੋਂ
ਕੁਰਬਾਨ ਹੋਣ ਨੂੰ
ਕਰਦਾ ਜੀਅ ਬੜਾ
ਕਰਦਾ ਹੈ ਜੀਅ ਬੜਾ
♦



## ਲਾਈਕ ਆ ਗੁਡ ਮੈਨ

ਤੂੰ ਮੈਨੂੰ ਪਿਆਰ ਕਰ
ਪਰ ਇਜ਼ਹਾਰ ਨਾ ਕਰ
ਸ਼ਰਤਾਂ ਤਹਿਤ ਪਿਆਰ
ਠੀਕ ਹੈ
ਕਰਦਾ ਰਹਾਂਗਾ ਪਿਆਰ
ਉਮਰ ਸਾਰੀ ਬਿਨਾਂ ਇਜ਼ਹਾਰ ਤੋਂ
ਐਮਰਜੈਂਸੀ ਵਰਗੇ ਹਾਲਾਤ
ਸਮਝੋ ਪਾਕਿਸਤਾਨ ਵਿਚ ਹਾਂ
ਦਿਲ ਦੀ ਗੱਲ ਦਿਲ ਵਿਚ ਰੱਖੋ
ਜ਼ੁਬਾਨ ’ਤੇ ਆਈ ਤੰਗ ਕਰਨਗੇ ਹਾਕਮ
ਕੁਝ ਤਾਂ ਕਹਿਣ ਦੇ
ਨਹੀਂ ਵਧੀਆ ਨਹੀਂ ਇਹ
ਸਭ ਕੁਝ ਚੀਪ ਜਿਹਾ
ਪਰ ਦੱਸ ਪਿਆਰ ਤਾਂ ਪੂਰਾ ਹੈ ਨਾ
ਜੀ ਜਾਨ ਤੋਂ ਵੱਧ ਹੈ ਜੀ
ਬੱਸ ਬੱਸ ਠੀਕ ਹੈ
ਘੱਟ ਨਹੀਂ ਹੋਣਾ ਚਾਹੀਦਾ
ਨਹੀਂ ਹੋਵੇਗਾ
ਉਮਰ ਸਾਰੀ ਵਾਅਦਾ ਹੈ ਮੇਰਾ
ਗੁਡ! ਲਾਈਕ ਆ ਗੁਡ ਮੈਨ!
ਨਿਭ ਰਹੀ ਹੈ
ਇਸ ਤਰ੍ਹਾਂ
ਬਹੁਤ ਵਧੀਆ!
♦

## ਗ਼ੈਰਤ

ਜਦੋਂ ਰਾਮ ਰਾਜ ਨੂੰ ਅੱਗ ਲੱਗੀ ਹੋਵੇ
ਚੋਰ ਉਚੱਕੇ ਚੌਧਰੀ ਹੋਵਣ
ਚੰਗੇ ਦਿਨ ਉਡੀਕਦਿਆਂ
ਦਿਨ ਹੋਰ ਵੀ ਕਾਲੇ ਹੋ ਜਾਵਣ
ਧਰਮ ਦੀ ਬੇਅਦਬੀ
ਦਸਾਂ ਗੁਰਾਂ ਦੀ ਜਗਦੀ ਜੋਤ
ਸਿਆਸਤ ਦੀ ਭੇਟ ਚੜ੍ਹੇ
ਹਾਕਮ ਤੇ ਰਾਖੇ
ਬਣ ਜਾਵਣ
ਮਾਸੂਮ ਜਾਨਾਂ ਦੇ ਦੁਸ਼ਮਣ
ਕਲਮਾਂ ਦੇ ਵਾਰਸਾਂ ਦੇ
ਹੋਵਣ ਕਤਲ
ਕਾਲਖ਼ ਮਲੀ ਜਾਵੇ ਚਿਹਰਿਆਂ 'ਤੇ
ਤੇ ਓਦੋਂ
ਬਿਹਾਰ ਦੇ ਬਹਾਦਰ ਤੇ ਗ਼ੈਰਤਮੰਦ ਲੋਕ
ਹੰਕਾਰੀਆਂ ਦਾ ਭੰਨਣ ਹੰਕਾਰ
ਸਿੱਟਣ ਮੂਧੇ ਮੂੰਹ
ਸੱਚ ਜਾਣਿਓ
ਓਦੋਂ ਲਗਦੈ
ਹਾਲੇ ਗ਼ੈਰਤ ਮਰੀ ਨਹੀਂ
ਹਾਲੇ ਗ਼ੈਰਤ ਠਰੀ ਨਹੀਂ
♦



## ਗਿਲਾ

ਹੋਰ ਤਾਂ...
ਕੋਈ ਗੱਲ ਨਹੀਂ ਖ਼ਾਸ
ਬਸ
ਹੁੰਦਾ ਏ
ਬਹੁਤ ਮਹਿਸੂਸ
ਉਸ ਦਾ ਕੁਝ ਵੀ
ਮਹਿਸੂਸ ਨਾ ਕਰਨਾ
♦

## ਗੁਆਚੇ ਹਾਸੇ

ਲੰਘਦਾ ਹਾਂ ਜਦੋਂ
ਪਿੰਡ ਦੀਆਂ ਗਲੀਆਂ 'ਚੋਂ
ਚਾਰ-ਚੁਫ਼ੇਰੇ ਬੇ-ਰੌਣਕੀ
ਸੁੰਨਸਾਨ ਵਿਹੜੇ
ਪਰ ਫਿਰ ਵੀ
ਇਹਨਾਂ-
ਬੇ-ਰੌਣਕ ਗਲੀਆਂ
ਤੇ
ਸੁੰਨਸਾਨ ਵਿਹੜਿਆਂ 'ਚੋਂ
ਕਦੇ ਕਦਾਈਂ
ਸੁਣ ਜਾਂਦੇ
ਕੁਝ ਗੁਆਚੇ ਹਾਸੇ
♦



## ਗੀਤ

ਰਾਤੀਂ ਮੇਰੇ ਸੁਫ਼ਨੇ ਦੇ ਵਿੱਚ
ਮੇਰਾ ਮਾਹੀ ਆਇਆ ਸੀ
ਰੋਂਦੀ ਤੇ ਕੁਰਲਾਉਂਦੀ ਨੂੰ ਆ
ਉਸਨੇ ਚੁੱਪ ਕਰਾਇਆ ਸੀ
ਸੀਨੇ ਦੇ ਸੰਗ ਲਾਇਆ ਸੀ
ਰਾਤੀਂ ਮੇਰੇ ਸੁਫ਼ਨੇ ਦੇ ਵਿੱਚ
ਮੇਰਾ ਮਾਹੀ ਆਇਆ ਸੀ

ਓਹ ਮੇਰੇ ਵੱਲੀਂ ਘੁੰਮਿਆ ਸੀ
ਉਸ ਮੇਰਾ ਮੱਥਾ ਚੁੰਮਿਆ ਸੀ
ਸੀ ਚੰਨ ਚਾਨਣੀ ਵੇਹੜੇ ਵਿਚ
ਲਗਦਾ ਸੀ ਜਿੱਦਾਂ ਪੁੰਨਿਆ ਸੀ
ਮੈਂ ਖਿੜ ਖਿੜ ਏਨਾ ਹੱਸੀ ਸੀ
ਓਹ ਵੀ ਅੱਗੋਂ ਮੁਸਕਰਾਇਆ ਸੀ
ਰਾਤੀਂ ਮੇਰੇ ਸੁਫ਼ਨੇ ਦੇ ਵਿੱਚ
ਮੇਰਾ ਮਾਹੀ ਆਇਆ ਸੀ
ਅੱਖੀਆਂ ਦੇ ਵਿਚ ਸ਼ਰਾਰਤ ਸੀ

ਓਹ ਮੇਰੇ ਲਈ ਬੁਝਾਰਤ ਸੀ
ਉਸ ਮੇਰੇ ਹੱਥ ਨੂੰ ਫੜਿਆ ਸੀ
ਮੇਰਾ ਸਾਹ ਤਾਹਾਂ ਨੂੰ ਚੜ੍ਹਿਆ ਸੀ
ਉਸ ਹਸਦੇ ਹਸਦੇ ਝੱਲੇ ਨੇ
ਮੈਨੂੰ ਝੱਟ ਸੀਨੇ ਸੰਗ ਲਾਇਆ ਸੀ
ਰਾਤੀਂ ਮੇਰੇ ਸੁਫ਼ਨੇ ਦੇ ਵਿੱਚ
ਮੇਰਾ ਮਾਹੀ ਆਇਆ ਸੀ

ਉਹ ਹੌਲੇ ਹੌਲੇ ਬੋਲਿਆ ਸੀ
ਉਸ ਭੇਤ ਦਿਲਾਂ ਦਾ ਖੋਲ੍ਹਿਆ ਸੀ
ਤੇ ਮੈਂ ਵੀ ਝੱਲੀ ਹੋਈ ਨੇ
ਖ਼ੁਦ ਆਪਣਾ ਆਪ ਫਰੋਲਿਆ ਸੀ
ਇਉਂ ਦਿਲ ਦੇ ਨੇੜੇ ਦਿਲ ਹੋਏ
ਇਹ ਉਮਰਾਂ ਦਾ ਸਰਮਾਇਆ ਸੀ
ਰਾਤੀਂ ਮੇਰੇ ਸੁਫ਼ਨੇ ਦੇ ਵਿੱਚ
ਮੇਰਾ ਮਾਹੀ ਆਇਆ ਸੀ

ਕਹਿੰਦਾ ਸੀ ਪਿੰਡ ਕਟਾਣੀ ਨੀ
ਤੇਰੀ ਡੋਲੀ ਓਥੇ ਜਾਣੀ ਨੀ
ਓਹਦੇ ਬੋਲਾਂ ਵਿਚ ਸੀ ਸਹਿਜ ਨਿਰਾ
ਓਹਦੀ ਪ੍ਰੀਤ ਅਸਾਂ ਨੇ ਮਾਣੀ ਸੀ
ਏਨੇ ਨੂੰ ਸੁਫ਼ਨਾ ਟੁੱਟ ਗਿਆ
ਮੇਰਾ ਮਾਲ-ਖ਼ਜ਼ਾਨਾ ਖੁਸ ਗਿਆ
ਮੈਂ ਕੱਲਮ 'ਕੱਲੀ ਰਹਿ ਗਈ ਨੀ
ਇਹ ਕਿਸਮਤ ਕਿੱਥੇ ਲੈ ਗਈ ਨੀ
ਨਾ ਓਹ ਨਾ ਓਹਦਾ ਸਾਇਆ ਸੀ

ਰਾਤੀਂ ਮੇਰੇ ਸੁਫ਼ਨੇ ਦੇ ਵਿੱਚ
ਮੇਰਾ ਮਾਹੀ ਆਇਆ ਸੀ
♦



## ਗੀਤ

ਸਖੀਆਂ ਦੇ ਸੰਗ, ਸਾਗ ਸਰੋਂ ਦਾ
ਤੋੜੇਂ ਤੂੰ ਬਣ ਠਣ ਕੇ
ਨੱਕ 'ਚ ਕੋਕਾ ਵੀਣੀ ਵੰਗਾਂ
ਹਿੱਕ 'ਤੇ ਗਾਨੀ ਛਣਕੇ
ਜੱਟ ਨੂੰ ਮਖ਼ੌਲ ਕਰਦੇ
ਗਾਨੀ ਤੇਰੀ ਦੇ ਮਣਕੇ
ਨੀ ਜੱਟ ਨੂੰ...

ਪੈਰਾਂ ਦੇ ਵਿਚ ਕੱਢਵੀਂ ਜੁੱਤੀ
ਚੀਕੂੰ ਚੀਕੂੰ ਕਰਦੀ
ਸਦਕੇ ਤੇਰੇ ਨਖ਼ਰੇ ਤੋਂ
ਤੂੰ ਪੱਬ ਬੋਚ ਬੋਚ ਕੇ ਧਰਦੀ
ਢਾਣੀ ਮੁੰਡਿਆਂ ਦੀ
ਤੌਬਾ ਤੌਬਾ ਕਰਦੀ
ਨੀ ਢਾਣੀ ਮੁੰਡਿਆਂ ਦੀ...

ਜਾਣ ਜਾਣ ਕੇ ਖੰਘਣਾ ਤੇਰਾ
ਮਹਿੰਗਾ ਪੈ 'ਜੂ ਨਾਰੇ
ਚੜ੍ਹਦੀ ਉਮਰੇ ਚੋਬਰ ਕੋਈ
ਕਰ 'ਜੂ ਐਸੇ ਕਾਰੇ
ਨੀ ਨਖ਼ਰਾ ਖੰਘਣੇ ਦਾ
ਦੁਖੀ ਕਰੂ ਮੁਟਿਆਰੇ
ਨੀ ਨਖਰਾ...

ਕਰ ਕੇ ਹਾਰ ਸ਼ਿੰਗਾਰ ਤੂੰ ਇਕ ਦਿਨ
ਆਣ ਮੋੜ 'ਤੇ ਖੜ 'ਗੀ
ਪਾ ਕੇ ਖੱਟਾ ਸੂਟ ਹੀਰੀਏ
ਸਭ ਦੀ ਹਿੱਕ 'ਤੇ ਲੜ 'ਗੀ
ਤੇਰਾ ਨਾ ਕਸੂਰ ਚੰਨੀਏ
ਅੱਗ ਵਰਗੀ ਜਵਾਨੀ ਚੜ੍ਹ 'ਗੀ
ਤੇਰਾ ਨਾ...

ਪਿੰਡ ਦਾ ਇਕ ਇਕ ਗੱਭਰੂ ਹੁਣ ਤਾਂ
ਤੇਰਾ ਪਾਣੀ ਭਰਦਾ
ਸਹਿਜਪ੍ਰੀਤ ਕਟਾਣੀ ਵਾਲਾ
ਹਾਂਜੀ ਹਾਂਜੀ ਕਰਦਾ
ਓਸ ਵਿਚਾਰੇ ਦਾ
ਤੇਰੇ ਬਿਨ ਨੀਂ ਸਰਦਾ
ਨੀ ਓਸ ਵਿਚਾਰੇ ਦਾ...
♦



## ਗੀਤ

ਸੌਹਾਂ ਖਾ ਕੇ ਲਾਈਆਂ ਸੀ ਜੋ
ਪਲ ਵਿਚ ਤੋੜੀਆਂ
ਸੱਜਣਾਂ ਵੇ ਦੱਸ ਕਾਹਨੂੰ
ਅੱਖੀਆਂ ਤੂੰ ਮੋੜੀਆਂ
ਸੱਜਣਾ ਵੇ...

ਅਸੀਂ ਭਾਵੇਂ ਮੁੱਕ ਜਾਣਾ
ਦਿਲੋਂ ਨਾ ਭੁਲਾਵਾਂਗੇ
ਮਿੱਠੜਿਆ ਸੱਜਣਾਂ ਵੇ
ਤੋੜ ਕੇ ਨਿਭਾਵਾਂਗੇ
ਵਾਅਦੇ ਅਤੇ ਕਸਮਾਂ ਤਾਂ
ਲੱਗਣ ਬੇਲੋੜੀਆਂ
ਸੱਜਣਾਂ ਵੇ...

ਇੱਕ ਇੱਕ ਸਾਹ ਤੇਰੇ
ਨਾਮ ਕਰ ਛੱਡਿਆ
ਇੱਕ ਤੇਰੇ ਪਿਆਰ ਲਈ
ਘਰ-ਬਾਹਰ ਛੱਡਿਆ
ਤੂੰ ਕਿਉਂ ਗਾਈ ਜਾਵੇਂ ਹੁਣ
ਗ਼ੈਰਾਂ ਦੀਆਂ ਘੋੜੀਆਂ
ਸੱਜਣਾਂ ਵੇ...

ਤਾਰਿਆਂ ਦੇ ਨਾਲ਼ ਨਿੱਤ
ਪੈਂਦੀ ਸਾਡੀ ਬਾਤ ਵੇ
ਤੈਨੂੰ ਯਾਦ ਕਰ ਕਰ
ਲੰਘ ਜਾਂਦੀ ਰਾਤ ਵੇ
ਤੇਰੀਆਂ ਹੀ ਯਾਦਾਂ
ਰੱਬ ਬਣ ਕੇ ਨੇ ਬਹੁੜੀਆਂ
ਸੱਜਣਾਂ ਵੇ...

ਅੱਜ ਵੀ ਹੈ ਤੇਰੇ ਉਤੋਂ
ਸਭ ਕੁਝ ਵਾਰਦਾ
ਐਵੇਂ ਤਾਂ ਕਟਾਣੀ ਤੈਨੂੰ
ਹਾਕਾਂ ਨਹੀਓਂ ਮਾਰਦਾ
'ਸਹਿਜ' ਨਾਲ਼ ਫੜ ਲੈ ਤੂੰ
ਪ੍ਰੀਤ ਦੀਆਂ ਡੋਰੀਆਂ
ਸੱਜਣਾਂ ਵੇ...
♦



## ਗੀਤ

ਲੂੰ ਲੂੰ ਦੇ ਵਿਚ ਵਸਦਾ ਮਾਹੀ
ਉਸਨੂੰ ਕਿਵੇਂ ਭੁਲਾਵਾਂ
ਚਲਾ ਗਿਆ ਉਹ ਦੂਰ ਦੁਰਾਡੇ
ਕੀਹਨੂੰ ਸੱਦ ਸੁਣਾਵਾਂ
ਉਹੀ ਮੇਰਾ ਦਰਦ ਪਛਾਣੇ
ਹੰਝੂ ਹੌਕੇ ਹਾਵਾਂ
ਇਸ਼ਕ ਦੇ ਪੈਂਡੇ ਬੜੇ ਲੰਮੇਰੇ
ਮੈਂ ਤਾਂ ਤੁਰਦੀ ਜਾਵਾਂ
ਰੁੱਸਿਆ ਮੈਂਡਾ ਸੱਜਣ ਮੈਥੋਂ
ਉਸਨੂੰ ਕਿਵੇਂ ਮਨਾਵਾਂ
ਪਤਾ ਗਿਆ ਨਾ ਦਸ ਕੇ ਆਪਣਾ
ਚਿੱਠੀਆਂ ਕਿੱਧਰ ਪਾਵਾਂ
ਲੱਭੋ ਨੀ, ਕੋਈ ਢੂੰਡੋ ਉਸਨੂੰ
ਕੀ ਉਸਦਾ ਸਿਰਨਾਵਾਂ
ਅੱਗ ਲਾਉਣੀ ਇਸ ਜਿੰਦੜੀ ਨੂੰ ਮੈਂ
'ਕੱਲੀ ਕਿਵੇਂ ਬਿਤਾਵਾਂ

ਆਜਾ ਮਾਹੀ ਮੇਰੇ ਦਿਲ ਵਿਚ
ਬਸ ਤੇਰਾ ਹੀ ਵਾਸਾ
ਤੇਰੇ ਨਾਲ਼ ਨੇ ਖ਼ੁਸ਼ੀਆਂ ਖੇੜੇ
ਤੇਰੇ ਨਾਲ਼ ਹੈ ਹਾਸਾ
ਬਿਨ੍ਹ ਤੇਰੇ ਤਾਂ ਸੁੰਨੀਆਂ ਅੱਖੀਆਂ
ਸੁੰਨੀਆਂ ਮੇਰੀਆਂ ਬਾਹਵਾਂ
♦

## ਗੀਤ

ਸੱਜਣ ਮੈਨੂੰ ਮਿਲਣੇ ਆਇਆ
ਕਿੱਥੇ ਉਹਨੂੰ ਬਿਠਾਵਾਂ ਨੀ
ਉਸ ਦੇ ਪਿਆਰ ਵਿਚ ਖੀਵੀ ਹੋਈ
ਕਿੱਦਾਂ ਖ਼ੁਸ਼ੀ ਲੁਕਾਵਾਂ ਨੀ
ਇਧਰ ਓਧਰ ਫਿਰਾਂ ਮੈਂ ਭੱਜੀ
ਪੈਰ ਨਾ ਭੁੰਜੇ ਲਾਵਾਂ ਨੀ
ਜੀ ਕਰਦਾ ਏ ਸੱਜਣ ਦੇ ਲਈ
ਤਾਰੇ ਤੋੜ ਲਿਆਵਾਂ ਨੀ
ਦਿਲ ਦੇ ਪਲੰਘ ਨਵਾਰੀ ਉੱਤੇ
ਚਾਵਾਂ ਨਾਲ਼ ਬਿਠਾਵਾਂ ਨੀ
ਸੱਚੇ ਪਿਆਰ ਦੀ ਸੁੱਚੀ ਚੂਰੀ
ਉਸ ਦੇ ਮੂੰਹ ਨੂੰ ਲਾਵਾਂ ਨੀ
ਚੂਰੀ ਨੂੰ ਉਸ ਨਾਂਹ ਕਰ ਛੱਡੀ
ਹੁਣ ਮੈਂ ਕਿਧਰ ਜਾਵਾਂ ਨੀ

ਘੁੱਟ ਕੇ ਸੀਨੇ ਲਾ ਲਿਆ ਉਸਨੇ
ਖ਼ੁਦ ਨੂੰ ਕਿਵੇਂ ਛੁਡਾਵਾਂ ਨੀ
ਝੱਲੀ ਹੁੰਦੀ ਜਾਵਾਂ ਨੀ

ਏਨੇ ਨੂੰ ਮੇਰਾ ਸੁਫ਼ਨਾ ਟੁੱਟਿਆ
ਖ਼ੁਦ ਵੀ ਟੁੱਟਦੀ ਜਾਵਾਂ ਨੀ
ਅੰਮੀ ਆਪਣੀ ਦੇ ਗਲ਼ ਲਗ ਕੇ
ਕੂੰਜ ਵਾਂਗ ਕੁਰਲਾਵਾਂ ਨੀ
♦



❑

ਖ਼ਬਰਾਂ ਦੇ ਵਿਚ ਦਿਸਦੀਆਂ ਕਬਰਾਂ
ਕੌਣ ਸੁਣੇ ਹੁਣ ਤਾਜ਼ੀਆਂ ਖ਼ਬਰਾਂ

ਤੂੰ ਕਿੱਡਾ ਖ਼ੁਸ਼ਕਿਸਮਤ, ਤੇਰੇ
ਵਿਹੜੇ ਦੇ ਵਿਚ ਝੂੰਮਣ ਲਗਰਾਂ

ਚਕਾਚੌਂਧ ਵਿਚ ਉਲਝੇ ਐਸੇ
ਠਹਿਰਦੀਆਂ ਨਾ ਕਿਤੇ ਵੀ ਨਜ਼ਰਾਂ

ਸੁਣ ਕੇ ਅੰਦਰੋਂ ਦਹਿਲ ਹਾਂ ਜਾਂਦੇ
ਕਿੱਥੋਂ ਆਉਂਦੀਆਂ ਐਸੀਆਂ ਖ਼ਬਰਾਂ

'ਸਹਿਜ' ਤੂੰ ਬੋਲੀਂ ਜਾਂ ਨਾ ਬੋਲੀਂ
ਬੋਲ ਹੈ ਪੈਣਾ ਤੇਰੀਆਂ ਸਤਰਾਂ
♦

❑

ਇਹ ਜੋ ਬੱਦਲ ਗਰਜਣ ਵਾਲੇ
ਇਹ ਨੇ ਕਿੱਥੇ ਵਰਸਣ ਵਾਲੇ ?

ਖ਼ੁਦ ਹੀ ਕਿਧਰੇ ਭਟਕ ਗਏ ਨੇ
ਸਾਨੂੰ ਰਸਤਾ ਦੱਸਣ ਵਾਲੇ

ਮੈਂ ਤਾਂ ਆਣ ਚੌਰਾਹੇ ਖੜ੍ਹਿਆਂ
ਕਿੱਥੇ ਨੇ ਹੁਣ ਪਰਖਣ ਵਾਲੇ ?

ਰਿਸ਼ਤੇ ਐਨੇ ਮੈਲ਼ੇ ਕਰ ਗਏ
ਲਗਦਾ ਲੋਕ ਨੇ ਗਰਕਣ ਵਾਲੇ

ਕਰ ਲੈ 'ਸਹਿਜ' ਤਿਆਰੀ ਜੱਗ ਤੋਂ
ਤੇਰੇ ਬੂਹੇ ਖੜਕਣ ਵਾਲੇ
♦



❑

ਰੱਬ ਥੋੜ੍ਹੀ ਬੱਸ ਸੂੰਹ ਦੇ ਛੱਡੇ
ਕੀ ਕਰਨੇ ਅਕਲਾਂ ਦੇ ਗੱਡੇ

ਸੱਚ ਨੂੰ ਜਦ ਇਨਸਾਫ਼ ਸੁਣਾਇਆ
ਮੂੰਹ ਰਹਿ ਗਏ ਅੱਡੇ ਦੇ ਅੱਡੇ

ਭਰਦਾ ਭਰਦਾ ਥੱਕ ਗਿਆ ਹਾਂ
ਮਨ ਦੀ ਸੜਕ ਤੇ ਕਿੰਨ੍ਹੇ ਖੱਡੇ

ਸਿੱਧੇ ਮੇਰੀ ਹਿੱਕ 'ਚ ਵੱਜੇ
ਬੋਲਾਂ ਦੇ ਤੂੰ ਤੀਰ ਜੋ ਛੱਡੇ

ਮਰ ਕੇ ਵੀ ਉਹ ਕਦ ਨੇ ਮਰਦੇ
ਜਿਨ੍ਹਾਂ ਸੱਚ ਦੇ ਪਰਚਮ ਗੱਡੇ

ਨਿੱਕਿਆਂ ਨੂੰ ਨਾ ਨਿੱਕੇ ਸਮਝਣ
ਓਹੀਓ ਬੰਦੇ ਹੁੰਦੇ ਵੱਡੇ

ਛੱਡ 'ਸਹਿਜ' ਤੂੰ ਹੈਂਕੜ-ਸ਼ੈਂਕੜ
ਏਥੇ ਕਿਹੜਾ ਪੱਕੇ ਅੱਡੇ
♦

❑

ਅੰਨਦਾਤੇ ਤਾਂ ਖ਼ੁਦਕੁਸ਼ੀਆਂ ਨੇ ਕਰ ਜਾਂਦੇ
ਸ਼ਾਹੂਕਾਰਾਂ ਦੇ ਕਿਓਂ ਬੋਝੇ ਭਰ ਜਾਂਦੇ

ਹੋਰ ਕਿਸੇ ਤੋਂ ਡਰਦੇ ਜਾਂ ਇਹ ਨਈਂ ਡਰਦੇ
ਅੱਜ ਕਲ੍ਹ ਲੋਕੀਂ ਖ਼ੁਦ ਕੋਲੋਂ ਹੀ ਡਰ ਜਾਂਦੇ

ਰੱਬ ਮਿਲਿਆ ਤਾਂ ਪੁੱਛਾਂਗੇ ਉਸ ਡਾਢੇ ਤੋਂ
ਖੇਤ ਤਰਸਦੇ, ਬੱਦਲ ਕਿੱਧਰ ਵਰ੍ਹ ਜਾਂਦੇ

ਰਿਜਕ ਵਾਸਤੇ ਰਾਤਾਂ ਨੂੰ ਵੀ ਭਟਕ ਰਹੇ
ਲੋਕ ਪਤਾ ਨਈਂ ਕਿਹੜੇ ਵੇਲੇ ਘਰ ਜਾਂਦੇ

ਹਾਕਮ ਨੇ ਤਾਂ ਦਰ ਦਰਵਾਜ਼ੇ ਭੇੜ ਲਏ
ਲੈ ਕੇ ਫਿਰ ਅਰਜੋਈਆਂ ਕਿਹੜੇ ਦਰ ਜਾਂਦੇ

♦



❑

ਕਰੋ ਧੰਨਵਾਦ ਕੁਝ ਤਾਂ ਪਰਦਿਆਂ ਦਾ
ਲੁਕਾ ਰੱਖਿਆ ਇਨ੍ਹਾਂ ਕੀ ਕੁਝ ਘਰਾਂ ਦਾ

ਰਹੀ ਪਾਕੀਜ਼ਗੀ ਇਨ੍ਹਾਂ ’ਚ ਕਿੱਥੇ
ਕਿ ਹੁਣ ਕੀ ਨਾਮ ਰੱਖੀਏ ਰਿਸ਼ਤਿਆਂ ਦਾ

ਤੁਸੀਂ ਹੀ ਖ਼ੁਦ ਬੁਝਾਏ ਮਾਰ ਫੂਕਾਂ
ਕਿ ਇਸ ਵਿਚ ਦੋਸ਼ ਕੀ ਏ ਦੀਵਿਆਂ ਦਾ

ਜਦੋਂ ਬੰਦੇ ਤੇ ਭੀੜਾਂ ਪੈਂਦੀਆਂ ਨੇ
ਓਦੋਂ ਲਗਦਾ ਪਤਾ ਹੈ ਬੰਦਿਆਂ ਦਾ

ਨਾ ਤੋੜੀਂ ‘ਸਹਿਜ’ ਤੂੰ ਸ਼ਬਦਾਂ ਤੋਂ ਰਿਸ਼ਤਾ
ਕਦੇ ਤਾਂ ਦੌਰ ਆਊ ਨਗ਼ਮਿਆਂ ਦਾ

♦

❑

ਖਰੀਦਣ ਨੂੰ ਚਾਹੇ ਜੋ ਮਰਜ਼ੀ ਖਰੀਦੋ
ਨਾ ਭੁੱਲ ਕੇ ਕਿਸੇ ਦੀ ਗ਼ਰੀਬੀ ਖਰੀਦੋ

ਉਹ ਕਿਹੜੇ ਨੇ ਜਿਹੜੇ ਸਲਾਹਾਂ ਨੇ ਕਰਦੇ
ਕਿ ਸਾਰੀ ਦੀ ਸਾਰੀ ਹੀ ਬਸਤੀ ਖਰੀਦੋ

ਜ਼ਮੀਰਾਂ ਨੂੰ ਵੇਚੋ ਕਿਓਂ ਡਰਦੇ ਪਏ ਹੋ
ਹੈ ਮੌਕਾ ਸੁਨਹਿਰੀ ਤੇ ਕੁਰਸੀ ਖਰੀਦੋ

ਨਵੇਂ ਦੌਰ ਦੀ ਹੈ ਅਜਬ ਇਹ ਕਹਾਣੀ
ਜ਼ਰਾ ਖ਼ੁਦ ਨੂੰ ਵੇਚੋ ਤੇ ਕੁਝ ਵੀ ਖਰੀਦੋ

♦



❑

ਕੀ ਨਈਂ ਹੁੰਦਾ ਅੰਦਰਖਾਤੇ
ਹਰ ਕੋਈ ਵਿਕਦਾ ਅੰਦਰਖਾਤੇ

ਉੱਤੋਂ ਬੰਦਾ ਸਾਊ ਕਿੰਨਾ
ਕੀ ਨਈਂ ਕਰਦਾ ਅੰਦਰਖਾਤੇ

ਪਹਿਰੇਦਾਰਾਂ ਤੇ ਚੋਰਾਂ ਦਾ
ਗੂੜ੍ਹਾ ਰਿਸ਼ਤਾ ਅੰਦਰਖਾਤੇ

ਜੀਭਾਂ 'ਤੇ ਲੱਗ ਜਾਂਦੇ ਤਾਲੇ
ਪੈਂਦਾ ਚੋਗਾ ਅੰਦਰਖਾਤੇ

ਲੋਹਾ ਵੀ ਬਣ ਜਾਵੇ ਸੋਨਾ
ਹੋਵੇ ਸੌਦਾ ਅੰਦਰਖਾਤੇ

'ਸਹਿਜ' ਤਾਂ ਆਪਣਾ ਮਨਪਰਚਾਵੇ
ਗ਼ਜ਼ਲਾਂ ਲਿਖਦਾ ਅੰਦਰਖਾਤੇ

♦

❑

ਕਿਸੇ ਦੇ ਕੌਣ ਪੂੰਝੇ ਹੰਝ ਖਾਰੇ
ਤਮਾਸ਼ਾ ਦੇਖਦੇ ਬਸ ਲੋਕ ਸਾਰੇ

ਤੂੰ ਹੁਣ ਦੇਖੀਂ ਕਿਵੇਂ ਖਿੜਦੇ ਨੇ ਬੱਚੇ
ਗਲੀ ਵਿਚ ਆ ਗਏ ਰੰਗਲੇ ਗੁਬਾਰੇ

ਮੇਰੇ ਤਾਂ ਸ਼ਹਿਰ ਦੀ ਏਨੀ ਹੀ ਗਾਥਾ
ਨਾ ਇੱਥੇ ਫੁੱਲ ਨਾ ਹੀ ਚੰਨ ਤਾਰੇ

ਕਰੀਂ ਨਾ ਬਹਿਸ ਇਹਨਾਂ ਨਾਲ਼ ਭੁੱਲ ਕੇ
ਇਹ ਲੋਕੀਂ ਬੋਲਾਂ ਵਿਚ ਰੱਖਣ ਸ਼ਰਾਰੇ

ਤੂੰ ਏਹਦੇ ਵਿੱਚ ਵਿਚਰੀਂ 'ਸਹਿਜ' ਹੋ ਕੇ
ਗ਼ਜ਼ਲ ਸਹਿੰਦੀ ਕਦੋਂ ਹੈ ਸ਼ਬਦ ਭਾਰੇ
♦



❑

ਦੋਸਤੀਆਂ ਦਾ ਕਾਲ ਸ਼ਹਿਰ ਵਿਚ
ਦੋਸਤੀਆਂ ਨਾ ਭਾਲ ਸ਼ਹਿਰ ਵਿਚ

ਬੋਚ-ਬੋਚ ਕੇ ਪੈਰ ਟਿਕਾਈਂ
ਥਾਂ ਥਾਂ ਵਿਛੇ ਨੇ ਜਾਲ਼ ਸ਼ਹਿਰ ਵਿਚ

ਚੰਗਾ ਮੰਦਾ ਸਭ ਕੁਝ ਚੱਲੇ
ਕਰਦਾ ਕੌਣ ਸੁਆਲ ਸ਼ਹਿਰ ਵਿਚ

ਖ਼ੁਦ ਨੂੰ ਆਪ ਬਚਾਉਣਾ ਪੈਂਦਾ
ਕੋਈ ਨਾ ਬਣਦਾ ਢਾਲ ਸ਼ਹਿਰ ਵਿਚ

ਜੇ ਤੂੰ ਇਸਦਾ ਦਿਲ ਹੈ ਤੱਕਣਾ
ਲੇਬਰ-ਚੌਂਕ ਕਮਾਲ ਸ਼ਹਿਰ ਵਿਚ

ਲੋਕਾਂ ਫੂਕਾਂ ਮਾਰ ਬੁਝਾਉਣੇ
ਖੁਸ਼ੀ ਨੂੰ ਦੀਵੇ ਬਾਲ ਸ਼ਹਿਰ ਵਿਚ

ਐਵੇਂ ਭਰਮ ਵਿਚ ਤੁਰਿਆ ਫਿਰਦੈਂ
ਕੋਈ ਨਾ ਤੁਰਦਾ ਨਾਲ਼ ਸ਼ਹਿਰ ਵਿਚ

ਹੱਟੀਆਂ ਰੋਂਦੀਆਂ ਲੈ ਹਟਕੋਰੇ
ਲਿਸ਼ਕ ਰਹੇ ਨੇ ਮਾਲ ਸ਼ਹਿਰ ਵਿਚ

'ਸਹਿਜ' ਤੂੰ ਦਿਲ ਦੇ ਭੇਤ ਨਾ ਖੋਲ੍ਹੀਂ
ਬੰਦੇ ਬਹੁਤ ਕਮਾਲ ਸ਼ਹਿਰ ਵਿਚ
♦

ਸ਼ਾਮ ਢਲੇ ਪਰਛਾਵੇਂ ਲੰਮੇ ਹੋ ਜਾਂਦੇ
ਬੰਦੇ ਪਹਿਲਾਂ ਤੋਂ ਵੀ ਬੌਣੇ ਹੋ ਜਾਂਦੇ

ਸ਼ਬਦਾਂ ਦੇ ਦਰ ਨਤਮਸਤਕ ਜੇ ਹੋ ਤੁਰਦੇ
ਰੌਸ਼ਨ ਰੌਸ਼ਨ ਸੱਭੇ ਰਸਤੇ ਹੋ ਜਾਂਦੇ

ਇਸ ਮੌਸਮ ਵਿਚ ਬੰਦੇ ਦਾ ਵੀ ਦੋਸ਼ ਨਹੀਂ
ਮਨ ਦੇ ਸ਼ੀਸ਼ੇ ਅਕਸਰ ਮੈਲ਼ੇ ਹੋ ਜਾਂਦੇ

ਮੇਰੇ ਨਾਲੋਂ ਕੌਣ ਜੋ ਵੱਡਾ ਹੋਵੇਗਾ
ਬੰਦਿਆਂ ਨੂੰ ਇਹ ਭਰਮ ਭੁਲੇਖੇ ਹੋ ਜਾਂਦੇ

ਮੰਨਿਆ ‘ਸਹਿਜ’ ਕਿ ਤੇਰੀ ਤੂਤੀ ਬੋਲ ਰਹੀ
ਤੇਰੇ ਵਰਗੇ ਅੰਤ ਨੂੰ ਕਿੱਸੇ ਹੋ ਜਾਂਦੇ



ਤੋੜਦੇ ਨੇ ਲੋਕ ਕੋਮਲ ਡੰਡੀਆਂ
ਵਗਦੀਆਂ ਤਾਂ ਹੀ ਨਾ ਪੌਣਾਂ ਠੰਡੀਆਂ

ਨਾ ਡਰੋ ਜੰਗਲ ਨੂੰ ਲੰਘੋ ਚੀਰ ਕੇ
ਏਥੇ ਹੀ ਕੱਲ੍ਹ ਹੋਣੀਆਂ ਪਗਡੰਡੀਆਂ

ਦੇਖ ਕੇ ਰੁਤਬਾ ਦਰਾਂ ਨੂੰ ਖੋਲ੍ਹਦੇ
ਘਰ ਵੀ ਬਣਦੇ ਜਾ ਰਹੇ ਹੁਣ ਮੰਡੀਆਂ

ਇਹ ਨਿਰੀ ਹਾਊਮੈਂ ਨਹੀਂ ਤਾਂ ਹੋਰ ਕੀ
ਟੁੱਟੀਆਂ ਆਪਾਂ ਅਜੇ ਨਾ ਗੰਢੀਆਂ

ਡੋਲਦੀ ਧਰਤੀ ਤੇ ਅੰਬਰ ਵਿਲਕਦਾ
ਪੈਂਦੀਆਂ ਨੇ ਜਦ ਘਰਾਂ ਵਿਚ ਵੰਡੀਆਂ

❑

ਖਰਾ ਸਿੱਕਾ ਹਾਂ ਨਾ ਕਰ ਖੁਆਰ ਮੈਨੂੰ
ਨਾ ਏਦਾਂ ਪਰਖ ਵਾਰੋ ਵਾਰ ਮੈਨੂੰ

ਮੈਂ ਕਾਹਦੀ ਰੌਸ਼ਨੀ ਦੀ ਬਾਤ ਪਾਈ
ਡਰਾਉਂਦਾ ਫਿਰ ਰਿਹਾ ਅੰਧਕਾਰ ਮੈਨੂੰ

ਮੈਂ ਸ਼ਬਦਾਂ ਦੇ ਜਿਨ੍ਹਾਂ ਲਈ ਬੀਜ ਬੀਜੇ
ਉਨ੍ਹਾਂ ਹੀ ਭੇਜੇ ਨੇ ਅੰਗਿਆਰ ਮੈਨੂੰ

ਖ਼ੁਦਾਇਆ ਐਸਾ ਵੀ ਨਾ ਵਕਤ ਆਵੇ
ਕਦੇ ਚੁੱਕਣੀ ਪਵੇ ਤਲਵਾਰ ਮੈਨੂੰ

ਖੜਾਂਗਾ ਤੇ ਲੜਾਂਗਾ ਸੱਚ ਦੇ ਲਈ
ਜੇ ਮਿਲਦੀ ਹੈ ਤਾਂ ਮਿਲ ਜੇ ਹਾਰ ਮੈਨੂੰ
♦



❑

ਲੁੱਟ ਕੇ ਲੋਕਾਂ ਦੀਆਂ ਨਾਦਾਨੀਆਂ
ਕੁਰਸੀਆਂ ਵਾਲੇ ਕਰਨ ਮਨਮਾਨੀਆਂ

ਮਹਿਕ ਦੇ ਬੁੱਲ੍ਹੇ ਨਾ ਲੈ ਕੇ ਆਉਂਦੀਆਂ
ਪੌਣਾਂ ਵੀ ਹੁਣ ਹੋ ਗਈਆਂ ਬੇਗਾਨੀਆਂ

ਉੱਤੋਂ ਹੀ ਦਰਵੇਸ਼ ਲੋਕੀਂ ਜਾਪਦੇ
ਖ਼ੂਨ ਵਿਚ ਰਚੀਆਂ ਨੇ ਬੇਈਮਾਨੀਆਂ

ਇਹ ਹਨੇਰਾ ਹੁਣ ਕਦੇ ਮਿਟਣਾ ਨਹੀਂ
ਤੁਰ ਗਏ ਦਿੰਦੇ ਸੀ ਜੋ ਕੁਰਬਾਨੀਆਂ

ਡਰ ਗਿਆ ਸ਼ੈਤਾਨ ਕਿਧਰੇ ਲੁੱਕ ਗਿਆ
ਦੇਖ ਕੇ ਬੰਦੇ ਦੀਆਂ ਸ਼ੈਤਾਨੀਆਂ

ਜੇ ਤੁਸੀਂ ਸ਼ਬਦਾਂ ਦੀ ਅਜ਼ਮਤ ਭੁੱਲ ਗਏ
ਮਿਲਣੀਆਂ ਹਰ ਪੈਰ ’ਤੇ ਵੀਰਾਨੀਆਂ
♦

❑

ਏਨੇ ਚਿਹਰੇ ਕੌਣ ਪੜ੍ਹੇਗਾ
ਇਸ ਬਸਤੀ ਵਿਚ ਕੌਣ ਰਹੇਗਾ

ਐਵੇਂ ਨਾ ਘਬਰਾਇਆ ਕਰ ਤੂੰ
ਕੋਈ ਤਾਂ ਤੇਰੇ ਨਾਲ਼ ਤੁਰੇਗਾ

ਉਹ ਜੋ ਹਰ ਪਲ ਸੁਰ ਵਿਚ ਰਹਿੰਦੈ
ਜਦ ਮਰਿਆ ਤਾਂ ਸਾਜ਼ ਬਣੇਗਾ

ਐਵੇਂ ਤੁਸੀਂ ਉਦਾਸ ਨਾ ਬੈਠੋ
ਢਲਿਆ ਸੂਰਜ ਫੇਰ ਚੜ੍ਹੇਗਾ

ਅੰਬਰ ਉਸ ਦੇ ਪੈਰੀਂ ਹੋਣੈਂ
ਜੋ ਲਫ਼ਜ਼ਾਂ ਦੇ ਨਾਲ਼ ਤੁਰੇਗਾ

ਲੋਕ ਤਾਂ ਚੁੱਕੀ ਜ਼ਹਿਰ ਨੇ ਫਿਰਦੇ
ਕਿੱਥੇ ਕੋਈ ਫੁੱਲ ਖਿੜੇਗਾ

♦



❑

ਜਿਸ ਤਰ੍ਹਾਂ ਦੀ ਹੋਈ ਇਸ ਦੀ ਤੋਰ ਹੈ
ਸ਼ਹਿਰ ਨੂੰ ਆਰਾਮ ਦੀ ਹੁਣ ਲੋੜ ਹੈ

ਤੂੰ ਥਲਾਂ ਦੀ ਪਿਆਸ ਨੂੰ ਕੀ ਜਾਣਦਾ
ਸ਼ਹਿਰ ਤੇਰੇ ਤਾਂ ਘਟਾ-ਘਨਘੋਰ ਹੈ

ਤੁਣਕਿਆਂ ਦੇ ਨਾਲ਼ ਹਾਂ ਨੱਚਦੇ ਪਏ
ਕਿਸਦਿਆਂ ਹੱਥਾਂ ’ਚ ਸਾਡੀ ਡੋਰ ਹੈ

ਪਰਖਦਾ ਰਹਿੰਦਾ ਸਦਾ ਹੀ ਯਾਰੀਆਂ
ਕਿਓਂ ਨਹੀਂ ਮਰਦਾ ਜੋ ਅੰਦਰ ਚੋਰ ਹੈ

ਯਾਰ ਕਹਿੰਦੇ ‘ਸਹਿਜ’ ਕਿਓਂ ਗੁੰਮਸੁੰਮ ਰਹੇ
ਪਰ ਮੇਰੇ ਅੰਦਰ ਤਾਂ ਕਿੰਨ੍ਹਾ ਸ਼ੋਰ ਹੈ

♦

❑

ਤੇਰੇ ਛੋਹਿਆਂ ਸ਼ਬਦ ਇਹ ਮੇਰੇ ਜਾਗ ਪਏ
ਚਾਰ ਚੁਫ਼ੇਰੇ ਲਟ-ਲਟ ਬਲਣ ਚਿਰਾਗ਼ ਪਏ

ਬੇ-ਸੁਰੀਆਂ ਆਵਾਜ਼ਾਂ ਦਾ ਹੈ ਸ਼ੋਰ ਬੜਾ
ਸਹਿਮੇ ਸਹਿਮੇ ਤਾਹੀਓਂ ਨੇ ਹੁਣ ਰਾਗ ਪਏ

ਤੇਰੀ ਕੁਰਸੀ, ਤੇਰੀ ਕਲਗੀ ਰੁਲ਼ ਜਾਣੀ
ਜਿਸ ਦਿਨ ਇਸ ਧਰਤੀ ਦੇ ਪੁੱਤਰ ਜਾਗ ਪਏ

'ਸਹਿਜ' ਤਿਰੇ ਇਸ ਸ਼ਹਿਰ ਨੂੰ ਨਜ਼ਰਾਂ ਖਾ ਗਈਆਂ
ਗਲੀਆਂ ਦੇ ਵਿਚ ਫਿਰਨ ਮੇਲ੍ਹਦੇ ਨਾਗ ਪਏ

♦



❑

ਤੱਕਿਆ ਨਾ ਤੂੰ ਖਲੋ ਕੇ
ਬੈਠੇ ਹਾਂ ਸੁੰਨ ਹੋ ਕੇ

ਕਿੱਥੇ ਮਿਲੇਗੀ ਮੁਕਤੀ
ਸ਼ਬਦਾਂ ਤੋਂ ਦੂਰ ਹੋ ਕੇ

ਪਰਤੀ ਹਵਾ ਦਰਾਂ ਤੋਂ
ਖੱਟਿਆ ਕੀ ਬੂਹੇ ਢੋਹ ਕੇ

ਦਿਲ 'ਤੇ ਨਾ ਬੋਝ ਪਾਈਂ
ਰੱਖੀਂ ਨਾ ਕੁਝ ਲੁਕੋ ਕੇ

ਸਾਹਾਂ ਨੇ ਮਹਿਕ ਜਾਣਾ
ਦੇਖੀਂ ਕਿਸੇ ਦਾ ਹੋ ਕੇ

♦

❑

ਰਿਸ਼ਤਿਆਂ ਦੀ ਪੰਡ ਭਾਰੀ ਹੋ ਰਹੀ
ਦਿਲ ਵਿਚਾਰੇ ਨੂੰ ਖੁਆਰੀ ਹੋ ਰਹੀ

ਮੇਰੀਆਂ ਗ਼ਜ਼ਲਾਂ ਨੂੰ ਕਿਸਨੇ ਛੋਹ ਲਿਆ
ਹੋਰ ਵੀ ਉੱਚੀ ਉਡਾਰੀ ਹੋ ਰਹੀ

ਬਿਖਰ ਕੇ ਮੈਂ ਹੌਲੇ ਹੌਲੇ ਜੁੜ ਰਿਹਾਂ
ਜ਼ਿੰਦਗੀ ਦੇ ਨਾਲ਼ ਯਾਰੀ ਹੋ ਰਹੀ

ਪਿੰਡ ਮੇਰਾ ਧੁੱਪ ਦੇ ਵਿਚ ਸੜ ਰਿਹਾ
ਪਰ ਕਿਤੇ ਹੈ ਬਰਫ਼ਬਾਰੀ ਹੋ ਰਹੀ

ਫਿਰ ਭਰੋਸਾ 'ਸਹਿਜ' ਸਭ 'ਤੇ ਕਰ ਰਿਹਾ
ਨਵਿਆਂ ਜ਼ਖ਼ਮਾਂ ਦੀ ਤਿਆਰੀ ਹੋ ਰਹੀ
♦



❑

ਅੱਜ ਕਲ੍ਹ ਜ਼ਖ਼ਮੀ ਕਦ ਕਰਦਾ ਹੈ ਤੀਰ ਕਮਾਨ
ਓਨਾ ਕੰਮ ਤਾਂ ਕਰ ਦਿੰਦੀ ਹੈ ਤਲਖ਼ ਜ਼ੁਬਾਨ

ਏਸ ਜਨਮ ਵਿਚ ਕਰਜ਼ਾ ਤੈਥੋਂ ਲਹਿਣਾ ਨਹੀਂ
ਸ਼ਬਦਾਂ ਕੀਤੇ ਤੇਰੇ ਸਿਰ 'ਤੇ ਜੋ ਅਹਿਸਾਨ

ਬੰਦਿਆ ਤੂੰ ਕਿਉਂ ਬੰਦਾ ਬਣ ਕੇ ਰਹਿੰਦਾ ਨਹੀਂ
ਧਰਤੀ, ਅੰਬਰ ਪੁੱਛਣ ਮੈਨੂੰ ਇਕ ਜ਼ੁਬਾਨ

ਮੇਰੇ ਤੋਂ ਨਾ ਪੁੱਛ ਕੇ ਵਕਤ ਖ਼ਰਾਬ ਕਰੋ
ਮੇਰੀ ਪੀੜਾ ਮੇਰੀਆਂ ਗ਼ਜ਼ਲਾਂ ਕਰਨ ਬਿਆਨ

ਮੈਂ ਸਰਹੱਦਾਂ, ਲੀਕਾਂ ਤੋਂ ਕੀ ਲੈਣਾ ਹੈ
ਮੇਰਾ ਮੁਲਕ ਤਾਂ ਉਹੀਓ ਜਿੱਥੇ ਮੇਰੀ ਜਾਨ

ਨਜ਼ਮਾਂ, ਗੀਤ, ਗ਼ਜ਼ਲ ਫਿਰ 'ਸਹਿਜ' ਨੇ ਕੀ ਕਰਨੇ
ਤੈਨੂੰ ਹੀ ਜੇ ਉਹ ਹੋਇਆ ਨਾ ਦਰ ਪਰਵਾਨ
♦

❑

ਬਿਰਖ ਚੀਰ ਕੇ ਛਾਵਾਂ ਲੱਭਦੇ ਫਿਰਦੇ ਨੇ
ਕਮਲੇ ਠੰਡੀਆਂ ’ਵਾਵਾਂ ਲੱਭਦੇ ਫਿਰਦੇ ਨੇ

ਸਾਰੀ ਉਮਰ ਵਿਦੇਸ਼ਾਂ ਵਿਚ ਹੰਢਾਅ ਆਏ
ਹੁਣ ਮਾਵਾਂ ਦੀਆਂ ਛਾਵਾਂ ਲੱਭਦੇ ਫਿਰਦੇ ਨੇ

ਪਹਿਲਾਂ ਬੋਲੀ ਫਿਰ ਮਿੱਟੀ ਤੋਂ ਟੁੱਟ ਗਏ
ਹੁਣ ਅਪਣਾ ਸਿਰਨਾਵਾਂ ਲੱਭਦੇ ਫਿਰਦੇ ਨੇ

ਲਗਦੈ ‘ਸਹਿਜ’ ਉਹ ਸ਼ਹਿਰ ’ਚ ਆਏ ਨਵੇਂ ਨਵੇਂ
ਭੀੜ ’ਚ ਜਿਹੜੇ ਰਾਹਵਾਂ ਲੱਭਦੇ ਫਿਰਦੇ ਨੇ
♦



❑

ਮੇਰਾ ਦਿਲ ਬਹੁਤ ਰੋਇਆ ਹੈ ਤੇਰੇ ਤੁਰ ਜਾਣ ਦੇ ਮਗਰੋਂ
ਇਹਨੂੰ ਖੌਰੇ ਕੀ ਹੋਇਆ ਹੈ ਤੇਰੇ ਤੁਰ ਜਾਣ ਦੇ ਮਗਰੋਂ

ਕਦੋਂ ਦੇ ਤੁਰ ਗਏ ਨੇ ਹਾਸੇ ਮੇਰੀ ਜ਼ਿੰਦਗੀ ਵਿੱਚੋਂ
ਇਹ ਕੈਸਾ ਹਾਲ ਹੋਇਆ ਹੈ ਤੇਰੇ ਤੁਰ ਜਾਣ ਦੇ ਮਗਰੋਂ

ਚੁਫ਼ੇਰੇ ਰੌਸ਼ਨੀ ਲਿਸ਼ਕੇ ਤੇ ਹਰ ਸ਼ੈਅ ਲਿਸ਼ਕਦੀ ਦਿਸਦੀ
ਹਨੇਰਾ ਮੈਂ ਹੀ ਢੋਇਆ ਹੈ ਤੇਰੇ ਤੁਰ ਜਾਣ ਦੇ ਮਗਰੋਂ

ਸਜ਼ਾ ਇਹ ਕਿਹੜਿਆਂ ਕਰਮਾਂ ਦੀ ਹੈ ਮੈਨੂੰ ਮਿਲੀ ਸੋਚਾਂ
ਲਹੂ ਨੈਣਾਂ ’ਚੋਂ ਚੋਇਆ ਹੈ ਤੇਰੇ ਤੁਰ ਜਾਣ ਦੇ ਮਗਰੋਂ

ਇਹ ਤੇਰੀ ਹੀ ਅਮਾਨਤ ਹੈ ਰਹੇਗਾ ਇਹ ਸਦਾ ਤੇਰਾ
ਕਿਸੇ ਦਾ ਦਿਲ ਨਹੀਂ ਹੋਇਆ ਹੈ ਤੇਰੇ ਤੁਰ ਜਾਣ ਦੇ ਮਗਰੋਂ

ਉਦਾਸੀ ਹੈ, ਬੇਚੈਨੀ ਹੈ ਤੇ ਮੌਸਮ ਹੰਝੂਆਂ ਭਿੱਜੇ
ਕਦੇ ਨਾ ‘ਸਹਿਜ’ ਹੋਇਆ ਹੈ ਤੇਰੇ ਤੁਰ ਜਾਣ ਦੇ ਮਗਰੋਂ
♦

❑

ਸਿੱਲ੍ਹੀ-ਸਿੱਲ੍ਹੀ ਹਵਾ ਜੋ ਮੇਰੇ ਪਿੰਡੋਂ ਆਉਂਦੀ ਹੈ
ਮੁੜ ਆ ਅਪਣੇ ਪਿੰਡ ਨੂੰ ਮੇਰੇ ਤਰਲੇ ਪਾਉਂਦੀ ਹੈ

ਭੱਗੀ, ਘੋਲਾ, ਪੀਚੀ, ਬਿੰਦਰ ਖਾ ਲਏ ਨਸ਼ਿਆਂ ਨੇ
ਬੜੇ ਡਰਾਉਣੇ ਕਿੱਸੇ ਇਹ ਮੈਨੂੰ ਰੋਜ਼ ਸੁਣਾਉਂਦੀ ਹੈ

ਪੱਥਰਾਂ ਦੇ ਇਸ ਸ਼ਹਿਰ 'ਚ ਮੈਂ ਵੀ ਪੱਥਰ ਹੋ ਚੱਲਿਆਂ
ਅਪਣੀ ਮਿੱਟੀ ਦੀ ਨਿੱਤ ਮੈਨੂੰ ਯਾਦ ਸਤਾਉਂਦੀ ਹੈ

ਜੰਗੀ ਕੈਦੀ ਵਰਗੀ ਜੂਨ ਹੰਢਾਉਂਦਾ ਫਿਰਦਾ ਹਾਂ
ਲਿਸ਼ਕ ਰਿਹਾ ਹੈ ਸ਼ਹਿਰ ਕੋਈ ਵੀ ਸ਼ੈਅ ਨਾ ਭਾਉਂਦੀ ਹੈ

ਜਿਉਂਦੇ ਜੀਅ ਨਾ ਮਿਲ ਸਕਿਆ ਮੈਂ ਆਪਣੇ ਪਿੰਡ ਨੂੰ ਹੀ
ਕਿਸਦੀ ਇਹ ਆਵਾਜ਼ ਜੋ ਸਿਵਿਆਂ ਵੱਲੋਂ ਆਉਂਦੀ ਹੈ

♦



❑

ਕਰਮਾਂ ਦੇ ਮਾਰੇ ਅਸੀਂ ਜ਼ਿੰਦਗੀ ਤੋਂ ਹਾਰੇ ਹਾਂ।
ਟੁੱਕਰਾਂ ਤੇ ਪਲਦੇ ਅਸੀਂ ਬੇ-ਸਹਾਰੇ ਹਾਂ।

ਹਰ ਥਾਵੇਂ ਠੋਕਰਾਂ ਨੇ, ਰੱਬ ਦੇ ਸਹਾਰੇ ਹਾਂ,
ਤਖਤਾਂ 'ਤੇ ਬੈਠਿਆਂ ਦੇ ਅਸੀਂ ਝੂਠੇ ਲਾਰੇ ਹਾਂ।

ਹੋਰਾਂ ਦੀ ਜ਼ਮੀਨ ਵਾਹੁੰਦੇ, ਨਿੱਕੇ ਜਿਹੇ ਮੁਜਾਰੇ ਹਾਂ
ਜਾਤ ਦੇ ਸੀ ਉੱਚੇ ਪਰ ਹੁਣ ਘਸਿਆਰੇ ਹਾਂ।

ਮੁੱਕ ਗਈ ਬਾਤ ਦੇ ਹੀ ਛੋਟੇ ਜਿਹੇ ਹੁੰਗਾਰੇ ਹਾਂ
ਦੁੱਖ ਦੇਣ ਵਾਲਿਆਂ ਤੋਂ ਅਸੀਂ ਬਲਿਹਾਰੇ ਹਾਂ।

ਦੁੱਖਾਂ ਦੇ ਸਤਾਏ ਹੋਏ, ਭੁੱਖਾਂ ਦੇ ਵੀ ਮਾਰੇ ਹਾਂ
ਕਦੇ ਵੀ ਨਾ ਜਿੱਤ ਮਿਲੇ ਅਸੀਂ ਨਿੱਤ ਹਾਰੇ ਹਾਂ।

ਕਿਤੇ ਵੀ ਨਾ ਹੋਂਦ ਸਾਡੀ ਅੱਧ ਵਿਚਕਾਰੇ ਹਾਂ
ਕਿਹੜੇ ਅੰਬਰਾਂ ਤੋਂ ਅਸੀਂ ਟੁੱਟੇ ਹੋਏ ਤਾਰੇ ਹਾਂ।

ਕੌਣ ਸਾਡੇ ਦੁੱਖ ਪੁੱਛੇ, ਏਨੇ ਦੁਖਿਆਰੇ ਹਾਂ,
ਬੰਗਲੇ ਦੇ ਪਿੱਛੇ ਅਸੀਂ ਕੱਚੇ ਪਿੱਲੇ ਢਾਰੇ ਹਾਂ।

ਕਿਤੇ ਵੀ ਨਾ ਢੋਈ ਮਿਲੇ ਬੜੇ ਹੀ ਵਿਚਾਰੇ ਹਾਂ,
ਜਿਵੇਂ ਕਿਸੇ ਵਿਧਵਾ ਦੇ ਹੰਝੂ ਅਸੀਂ ਖਾਰੇ ਹਾਂ।

ਸਹਿਜ ਨਾਲ਼ ਉੱਠਾਂਗੇ, ਉਮੀਦ ਦੇ ਸਹਾਰੇ ਹਾਂ,
ਰਾਖ ਵਿੱਚ ਦੱਬੇ ਹੋਏ ਅਸੀਂ ਅੰਗਿਆਰੇ ਹਾਂ।

♦